

# ਮਹਿਕ-ਏ-ਵਤਨ
# Mehak E wattan
Fortnightly Newspaper



Hardev Brar
Chief Editor

• Vol-III • Issue- 03 • Phone : +64,274-427-338 +64 9 3900004 • www.mehakewattan.com • March 2025



03

ਇਟਲੀ 'ਚ 21, 22 ਤੇ 23 ਮਾਰਚ ਨੂੰ ਮਨਾਇਆ ਜਾਏਗਾ ਹੋਲਾ-ਮਹੱਲਾ

07

ਟਰੰਪ ਦਾ ਵੱਡਾ ਫੈਸਲਾ, 4 ਮਾਰਚ ਤੋਂ ਮੈਕਸੀਕੋ, ਕੈਨੇਡਾ 'ਤੇ ਲਾਗੂ ਹੋਵੇਗਾ ਟੈਰਿਫ

12

ਚੈਂਪੀਅਨਜ਼ ਟਰਾਫੀ 'ਚੋਂ ਪਾਕਿਸਤਾਨ ਦੇ ਬਾਹਰ ਹੋਣ ਨਾਲ ਮਚੀ ਹਾਹਾਕਾਰ

14

ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ


## ਮੈਕਸੀਕੋ ਨੇ ਡਰੱਗ ਤਸਕਰੀ ਗਿਰੋਹ ਨਾਲ ਜੁੜੇ 29 ਲੋਕਾਂ ਨੂੰ ਕੀਤਾ ਅਮਰੀਕਾ ਹਵਾਲੇ



ਮੈਕਸੀਕੋ ਸਿਟੀ - ਵਧਦੇ ਅਮਰੀਕੀ ਦਬਾਅ ਦੇ ਵਿਚਕਾਰ ਮੈਕਸੀਕੋ ਨੇ ਡਰੱਗ ਤਸਕਰੀ ਗਿਰੋਹ ਨਾਲ ਜੁੜੇ 29 ਲੋਕਾਂ ਨੂੰ ਅਮਰੀਕਾ ਭੇਜ ਦਿੱਤਾ ਹੈ, ਜਿਨ੍ਹਾਂ ਵਿੱਚ 'ਡਰੱਗ ਮਾਫੀਆ' ਰਾਫੇਲ ਕੈਰੋ ਕੁਇੰਟੇਰੋ ਵੀ ਸ਼ਾਮਲ ਹੈ। ਕੁਇੰਟੇਰੋ 1985 ਵਿੱਚ ਇੱਕ ਅਮਰੀਕੀ ਡੀਈਏ (ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ) ਏਜੰਟ ਦੇ ਕਤਲ ਵਿੱਚ ਸ਼ਾਮਲ ਸੀ। ਮੈਕਸੀਕਨ ਦੇ ਉੱਚ ਅਧਿਕਾਰੀ ਇਸ ਸਮੇਂ ਵਾਸ਼ਿੰਗਟਨ ਵਿੱਚ ਹਨ। ਉਹ ਟਰੰਪ ਪ੍ਰਸ਼ਾਸਨ ਦੇ ਸਾਰੇ ਮੈਕਸੀਕਨ ਆਯਾਤ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਫੈਸਲੇ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਮੰਗਲਵਾਰ ਤੋਂ ਲਾਗੂ ਹੋਣ ਵਾਲਾ ਹੈ।

ਮੈਕਸੀਕਨ ਸਰਕਾਰ ਦੇ ਅਨੁਸਾਰ, ਵੀਰਵਾਰ ਨੂੰ ਅਮਰੀਕਾ ਭੇਜੇ ਗਏ ਲੋਕਾਂ ਨੂੰ ਮੈਕਸੀਕਨ ਜੇਲ੍ਹਾਂ ਤੋਂ ਮੈਕਸੀਕੋ ਸਿਟੀ ਦੇ ਉੱਤਰ ਵਿੱਚ ਇੱਕ ਹਵਾਈ ਅੱਡੇ 'ਤੇ ਲਿਆਂਦਾ ਗਿਆ ਅਤੇ ਜਹਾਜ਼ ਰਾਹੀਂ 8 ਅਮਰੀਕੀ ਸ਼ਹਿਰਾਂ ਵਿੱਚ ਲਿਜਾਇਆ ਗਿਆ।

ਇਨ੍ਹਾਂ ਵਿੱਚੋਂ 6 ਮੈਕਸੀਕੋ ਦੇ ਪੰਜ ਸੰਗਠਿਤ ਅਪਰਾਧ ਸਮੂਹਾਂ ਦੇ ਮੈਂਬਰ ਸਨ, ਜਿਨ੍ਹਾਂ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੁਆਰਾ "ਵਿਦੇਸ਼ੀ ਅੱਤਵਾਦੀ ਸੰਗਠਨ" ਵਜੋਂ ਨਾਮਜ਼ਦ ਕੀਤਾ ਸੀ। ਦੋਵਾਂ ਦੇਸ਼ਾਂ ਦੇ ਸਰਕਾਰੀ ਵਕੀਲਾਂ ਅਨੁਸਾਰ, ਵੀਰਵਾਰ ਨੂੰ ਅਮਰੀਕਾ ਭੇਜੇ ਗਏ ਕੈਦੀਆਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਕਤਲ ਨਾਲ ਸਬੰਧਤ ਦੋਸ਼ ਹਨ।

## ਰੀਟੇਲ ਕਰਾਈਮ ਨੂੰ ਰੋਕਣ ਲਈ ਸਖ਼ਤ ਹੋਈ NZ ਸਰਕਾਰ

ਨਿਊਜ਼ੀਲੈਂਡ 'ਚ ਹੁੰਦੀਆਂ ਲੁੱਟਾਂ ਅਤੇ ਚੋਰੀਆਂ ਨੂੰ ਠੱਲ੍ਹ ਪਾਉਣ ਲਈ ਸਰਕਾਰ ਨੇ ਵੱਡਾ ਕਦਮ ਚੁੱਕਿਆ ਹੈ। ਦਰਅਸਲ ਨਿਆਂ ਮੰਤਰੀ ਪਾਲ ਗੋਲਡਸਮਿਥ ਨੇ ਬੁੱਧਵਾਰ ਨੂੰ ਕਾਨੂੰਨ ਵਿੱਚ ਬਦਲਾਅ ਦਾ ਐਲਾਨ ਕੀਤਾ ਜੋ ਕਾਰੋਬਾਰੀਆਂ ਅਤੇ ਦੁਕਾਨਦਾਰਾਂ ਨੂੰ ਅਪਰਾਧੀਆਂ ਨੂੰ ਹਿਰਾਸਤ 'ਚ ਲੈਣ ਲਈ ਵਿਆਪਕ ਸ਼ਕਤੀ (ਖੁੱਲ੍ਹ ) ਦੇਵੇਗਾ। ਇਹ ਕਦਮ ਸਤੰਬਰ ਵਿੱਚ ਸ਼ੁਰੂ ਕੀਤੇ ਗਏ ਪ੍ਰਚੂਨ ਅਪਰਾਧ 'ਤੇ ਸਲਾਹਕਾਰ ਸਮੂਹ ਦੁਆਰਾ ਪ੍ਰਸਤਾਵਿਤ ਸੁਧਾਰਾਂ ਦੇ ਇੱਕ ਸਮੂਹ ਦਾ ਹਿੱਸਾ ਹੈ।

**ਸੁਧਾਰਾਂ ਮੁਤਾਬਿਕ**

ਅਪਰਾਧ ਐਕਟ 1961 ਵਿੱਚ ਸੋਧ ਕਰਨਾ ਤਾਂ ਜੋ ਨਾਗਰਿਕ ਦਿਨ ਦੇ ਕਿਸੇ ਵੀ ਸਮੇਂ ਕਿਸੇ ਵੀ ਅਪਰਾਧ ਐਕਟ ਦੇ ਅਪਰਾਧ ਨੂੰ ਰੋਕਣ ਲਈ ਦਖਲ ਦੇ ਸਕਣ;

ਗ੍ਰਿਫ਼ਤਾਰੀ ਕਰਨ ਵਾਲੇ ਵਿਅਕਤੀ ਨੂੰ ਪੁਲਿਸ ਨਾਲ ਸੰਪਰਕ ਕਰ, ਅਧਿਕਾਰੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਪਏਗੀ

ਇਹ ਸਪੱਸ਼ਟ ਕਰਨਾ ਕਿ ਗ੍ਰਿਫਤਾਰੀ ਕਰਦੇ ਸਮੇਂ, ਜਦੋਂ ਵਾਜਬ ਹੋਵੇ, ਪਾਬੰਦੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ

ਗ੍ਰਿਫ਼ਤਾਰੀ ਕਰਦੇ ਸਮੇਂ ਕਿਸੇ ਚੀਜ ਨਾਲ ਬੰਨਣ ਲਈ ਵਰਤੋਂ ਕੀਤੀ ਜਾ ਸਕੇਗੀ, ਬਸ਼ਰਤੇ ਉਹ ਵਾਜਬ ਹੋਣ।

ਪ੍ਰਾਪਰਟੀ ਦੇ ਪ੍ਰਬੰਧਾਂ ਦੀ ਰੱਖਿਆ ਨੂੰ ਅਪਰਾਧ ਐਕਟ ਵਿੱਚ ਬਦਲਣਾ ਤਾਂ ਜੋ ਇਹ ਸਪੱਸ਼ਟ ਹੋਵੇ ਕਿ ਕਿਸੇ ਅਪਰਾਧੀ ਨੂੰ ਆਮ ਵਿਅਕਤੀ ਵਲੋਂ ਗ੍ਰਿਫਤਾਰ ਕੀਤੇ ਜਾਣਾ ਵਾਜਬ ਹੋ ਜਾਏ।



ਗੋਲਡਸਮਿਥ ਨੇ ਇਸ ਮੌਕੇ ਇਹ ਵੀ ਕਿਹਾ ਕਿ ਇਹ ਬਦਲਾਅ ਕਾਰੋਬਾਰਾਂ ਨੂੰ ਉਨ੍ਹਾਂ ਲੋਕਾਂ ਨਾਲ ਨਜਿੱਠਣ ਲਈ ਵਾਧੂ ਸਾਧਨ ਪ੍ਰਦਾਨ ਕਰਨਗੇ ਜੋ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਆਰਥਿਕ ਵਿਕਾਸ ਨੂੰ ਲੁੱਟ ਰਹੇ ਹਨ।

ਗੋਲਡਸਮਿਥ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਏਗੀ ਕਿ ਰੀਟਲ ਖੇਤਰ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਕੀਤਾ ਜਾ ਰਿਹਾ ਹੈ ਅਤੇ ਅਪਰਾਧੀਆਂ ਨੂੰ ਫੜਿਆ ਜਾਵੇ ਅਤੇ ਭਵਿੱਖ ਵਿੱਚ ਅਪਰਾਧ ਕਰਨ ਤੋਂ ਰੋਕਿਆ ਜਾਵੇ।






## ਆਸਟ੍ਰੇਲੀਆ 'ਚ ਮੀਂਹ ਨਾਲ ਹੋਣ ਵਾਲੀਆਂ ਬਿਮਾਰੀਆਂ ਕਾਰਨ ਮ੍ਰਿਤਕਾਂ ਦੀ ਗਿਣਤੀ 'ਚ ਹੋਇਆ ਵਾਧਾ



ਕੁਈਨਜ਼ਲੈਂਡ - ਕੁਈਨਜ਼ਲੈਂਡ ਦੇ ਗਰਮ ਖੰਡੀ ਉੱਤਰੀ ਤੱਟਵਰਤੀ ਖੇਤਰ ਦੇ ਸਿਹਤ ਅਧਿਕਾਰੀਆਂ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਮੌਜੂਦਾ ਬਰਸਾਤੀ ਮੌਸਮ ਵਿੱਚ ਮੇਲੀਓਇਡੋਸਿਸ ਨਾਲ ਮਰਨ ਵਾਲਿਆਂ ਦੀ ਗਿਣਤੀ 12 ਹੋ ਗਈ ਹੈ, ਜਦੋਂਕਿ 21 ਫਰਵਰੀ ਤੱਕ 5 ਮੌਤਾਂ ਦੀ ਪੁਸ਼ਟੀ ਕੀਤੀ ਗਈ ਸੀ। ਇਸ ਬਿਮਾਰੀ ਦਾ ਜਲਦ ਹੀ ਕੋਈ ਹੱਲ ਕੱਢਿਆ ਜਾਵੇਗਾ। ਮੇਲੀਓਇਡੋਸਿਸ ਇੱਕ ਬਿਮਾਰੀ ਹੈ ਜੋ ਦੱਖਣ-ਪੂਰਬੀ ਏਸ਼ੀਆ ਅਤੇ ਉੱਤਰੀ ਆਸਟ੍ਰੇਲੀਆ ਵਿੱਚ ਮਿੱਟੀ ਅਤੇ ਪਾਣੀ ਵਿੱਚ ਪਾਏ ਜਾਣ ਵਾਲੇ ਬੈਕਟੀਰੀਆ ਕਾਰਨ ਹੁੰਦੀ ਹੈ।

ਮੋਹਲੇਧਾਰ ਮੀਂਹ ਤੋਂ ਬਾਅਦ, ਇਹ ਹਵਾ ਵਿੱਚ ਫੈਲ ਜਾਂਦੀ ਹੈ।

ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੇ ਟ੍ਰੋਪਿਕਲ ਪਬਲਿਕ ਹੈਲਥ ਸਰਵਿਸਿਜ਼ ਦੀ ਡਾਇਰੈਕਟਰ ਜੈਕਲੀਨ ਮਰਡੌਕ ਦੇ ਹਵਾਲੇ ਨਾਲ ਰਿਪੋਰਟ ਕੀਤੀ ਕਿ 2025 ਦੀ ਸ਼ੁਰੂਆਤ ਤੋਂ ਲੈ ਕੇ, ਕੈਰਿਨਸ ਵਿੱਚ ਮੇਲੀਓਇਡੋਸਿਸ ਦੇ 53 ਅਤੇ ਟਾਊਨਸਵਿਲ ਵਿੱਚ 34 ਮਾਮਲਿਆਂ ਦੀ ਪੁਸ਼ਟੀ ਹੋਈ ਹੈ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਆਸਟ੍ਰੇਲੀਆ ਤੇ ਨਿਊਜ਼ੀਲੈਂਡ 'ਚ Breast Cancer ਦੀ ਦਰ ਦੁਨੀਆ 'ਚ ਸਭ ਤੋਂ ਵੱਧ



ਸਿਡਨੀ- ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਛਾਤੀ ਦੇ ਕੈਂਸਰ ਦੀ ਦਰ ਦੁਨੀਆ ਵਿੱਚ ਸਭ ਤੋਂ ਵੱਧ ਹੈ। ਸਾਇੰਸ ਮੀਡੀਆ ਐਕਸਚੇਂਜ (ਸਿਮੈਕਸ) ਔਨਲਾਈਨ ਨਿਊਜ਼ ਪੋਰਟਲ ਨੇ ਮੰਗਲਵਾਰ ਨੂੰ ਰਿਪੋਰਟ ਦਿੱਤੀ ਕਿ ਆਸਟ੍ਰੇਲੀਆ ਅਤੇ ਕੈਨੇਡਾ ਦੇ ਖੋਜਕਰਤਾਵਾਂ ਨੇ 185 ਦੇਸ਼ਾਂ ਵਿੱਚ ਛਾਤੀ ਦੇ ਕੈਂਸਰ ਦੀਆਂ ਘਟਨਾਵਾਂ ਅਤੇ ਮੌਤ ਦਰ ਦਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੇ ਪਾਇਆ ਕਿ ਦੁਨੀਆ ਭਰ ਵਿੱਚ 20 ਵਿੱਚੋਂ ਇੱਕ ਔਰਤ ਨੂੰ ਛਾਤੀ ਦਾ ਕੈਂਸਰ ਹੋਵੇਗਾ ਅਤੇ 70 ਵਿੱਚੋਂ 1 ਔਰਤ ਇਸ ਬਿਮਾਰੀ ਨਾਲ ਮਰ ਜਾਵੇਗੀ। ਹਾਲਾਂਕਿ, ਅਧਿਐਨ ਵਿੱਚ ਪਾਇਆ ਗਿਆ ਕਿ ਛਾਤੀ ਦੇ ਕੈਂਸਰ ਦਾ ਜੋਖਮ ਦੁਨੀਆ ਭਰ ਵਿੱਚ ਬਰਾਬਰ ਵੰਡਿਆ ਨਹੀਂ ਗਿਆ ਹੈ। ਖੋਜ ਪੱਤਰ ਵਿੱਚ ਕਿਹਾ ਗਿਆ ਹੈ, "ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਘਟਨਾ ਦਰ ਸਭ ਤੋਂ ਵੱਧ ਸੀ, ਉਸ ਤੋਂ ਬਾਅਦ ਉੱਤਰੀ ਅਮਰੀਕਾ ਅਤੇ ਉੱਤਰੀ ਯੂਰਪ ਅਤੇ ਦੱਖਣੀ-ਮੱਧ ਏਸ਼ੀਆ ਵਿੱਚ ਸਭ ਤੋਂ ਘੱਟ ਸੀ।"

ਵਿਸ਼ਵ ਸਿਹਤ ਸੰਗਠਨ (WHO) ਨੇ 2021 ਵਿੱਚ ਗਲੋਬਲ ਬ੍ਰੈਸਟ ਕੈਂਸਰ ਇਨੀਸ਼ੀਏਟਿਵ (GBCI) ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਦੇਸ਼ਾਂ ਲਈ ਛਾਤੀ ਦੇ ਕੈਂਸਰ ਦੀ ਮੌਤ ਦਰ ਨੂੰ ਸਾਲਾਨਾ 2.5 ਫੀਸਦੀ ਘਟਾਉਣ ਦਾ ਟੀਚਾ ਰੱਖਿਆ ਗਿਆ। ਨਵੀਂ ਖੋਜ ਵਿੱਚ ਪਾਇਆ ਗਿਆ ਕਿ ਸਿਰਫ਼ 7 ਦੇਸ਼ - ਮਾਲਟਾ, ਡੈਨਮਾਰਕ, ਬੈਲਜੀਅਮ, ਸਵਿਟਜ਼ਰਲੈਂਡ, ਲਿਥੁਆਨੀਆ, ਨੀਦਰਲੈਂਡ ਅਤੇ ਸਲੋਵੇਨੀਆ - ਘਭਛੀ ਦੇ ਟੀਚਿਆਂ ਨੂੰ ਪੂਰਾ ਕਰ ਰਹੇ ਹਨ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੇ ਪਿਛਲੇ ਦਹਾਕੇ ਦੌਰਾਨ ਮੌਤ ਦਰ ਵਿੱਚ ਸਾਲਾਨਾ 2.1 ਫੀਸਦੀ ਦੀ ਕਮੀ ਕੀਤੀ ਹੈ।

ਖੋਜ ਨੇ ਚੇਤਾਵਨੀ ਦਿੱਤੀ ਹੈ ਕਿ 2050 ਤੱਕ ਛਾਤੀ ਦੇ ਕੈਂਸਰ ਦੇ ਕੇਸਾਂ ਅਤੇ ਮੌਤਾਂ ਵਿੱਚ ਕ੍ਰਮਵਾਰ 38 ਫੀਸਦੀ ਅਤੇ 68 ਫੀਸਦੀ ਦਾ ਵਾਧਾ ਹੋਵੇਗਾ।













## ਇਟਲੀ 'ਚ 21, 22 ਤੇ 23 ਮਾਰਚ ਨੂੰ ਮਨਾਇਆ ਜਾਏਗਾ ਹੋਲਾ-ਮਹੱਲਾ



ਬੈਰਗਾਮੋ - ਬਾਜਾਂ ਵਾਲੇ ਥਾਪੇ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਸਿੱਖ ਕੌਮ ਦਾ ਕੌਮੀ ਤਿਉਹਾਰ ਹੈ। ਇਟਲੀ ਦੀਆ ਸੰਗਤਾਂ ਵੀ ਇਸ ਪਵਿੱਤਰ ਦਿਹਾੜੇ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੀਆ ਹਨ। ਲੰਬਾਰਦੀਆ ਸੂਬੇ ਦੇ ਬੈਰਗਮੋ ਜਿਲੇ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਬੈਰਗਾਮੋ ਵਿਖੇ ਪ੍ਰਬੰਧਕ ਕਮੇਟੀ ਵੀ ਯੂਰਪ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਲਾ-ਮਹੱਲਾ ਬੜੀ ਧੂਮਧਾਮ ਤੇ ਸ਼ਾਨੋ ਸ਼ੌਕਤ ਨਾਲ ਮਨਾਉਂਦੀ ਹੈ। ਇਸ ਸਾਲ 21, 22 ਅਤੇ 23 ਮਾਰਚ ਨੂੰ ਹੋਲਾ-ਮਹੱਲਾ ਕੱਢਿਆ ਜਾ ਰਿਹਾ ਹੈ।

ਗੁਰਦੁਆਰਾ ਸਾਹਿਬ ਸਿੰਘ ਸਭਾ ਕੋਰਤੇਨੋਵਾ ਦੀ ਪ੍ਰਬੰਧਕੀ ਕਮੇਟੀ ਅਤੇ ਸੰਗਤਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲਾ-ਮਹੱਲਾ ਤੇ ਤਿੰਨ ਰੋਜਾ ਸਲਾਨਾ ਜੋੜ ਮੇਲਾ ਸਮਾਗਮ ਕਰਵਾਇਆ ਜਾਵੇਗਾ।

ਇਸ ਤਿੰਨ ਰੋਜਾ ਸਮਾਗਮ ਵਿੱਚ ਵੱਖ-ਵੱਖ ਕੀਰਤਨੀ ਜੱਥੇ, ਕਥਾ ਵਾਚਕ ਅਤੇ ਢਾਡੀ ਜੱਥੇ ਉੱਚੇਚੇ ਤੌਰ 'ਤੇ ਹਾਜ਼ਰੀ ਭਰਨਗੇ। ਉਪਰੰਤ ਗੁਰਦੁਆਰਾ ਸਾਹਿਬ ਦੇ ਨੇੜਲੇ ਮੈਦਾਨ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਮਹੱਲਾ ਕੱਢਿਆ ਜਾਵੇਗਾ ਅਤੇ ਘੋੜ ਸਵਾਰੀ, ਤੀਰ ਅੰਦਾਜੀ ਅਤੇ ਹੋਰ ਖ਼ਾਲਸਾਈ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਗੁਰੂ ਦੇ ਲੰਗਰ ਅਟੁੱਟ ਵਰਤਾਏ ਜਾਣਗੇ। ਗੁਰੂਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਿੱਖ ਸੰਗਤਾਂ ਨੂੰ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਬੱਚਿਆਂ ਅਤੇ ਨੌਜਵਾਨਾਂ ਨੂੰ ਗੱਤਕੇ ਲਈ ਉਤਸ਼ਾਹਿਤ ਕਰਨ ਲਈ ਸ਼ਨੀਵਾਰ ਨੂੰ ਗੱਤਕੇ ਦਾ ਟੂਰਨਾਮੈਂਟ ਵੀ ਕਰਾਇਆ ਜਾਵੇਗਾ, ਜਿਸਦਾ ਫਾਈਨਲ ਐਤਵਾਰ ਨੂੰ ਹੋਵੇਗਾ।

ਹੋਲਾ ਇੱਕ ਅਰਬੀ ਸ਼ਬਦ ਹੈ 'ਜੋ ਹੁਲ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਚੰਗੇ ਕੰਮਾਂ ਲਈ ਲੜਨਾ' ਅਤੇ ਮਹੱਲਾ ਦਾ ਅਰਥ ਹੈ 'ਜਿੱਤ ਤੋਂ ਬਾਅਦ ਵਸਣ ਦੀ ਥਾਂ।' ਹੋਲਾ ਮਹੱਲਾ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1700 ਵਿੱਚ ਹੋਲਗੜ੍ਹ ਕਿਲ੍ਹੇ ਤੋਂ ਕੀਤੀ ਸੀ। ਹੋਲਾ ਮੁਹੱਲਾ ਮਨਾਉਣ ਦਾ ਮੁੱਖ ਕਾਰਨ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤੀ ਗਈ ਪਰੰਪਰਾ ਹੈ ਜਿਸ ਦੌਰਾਨ ਗੁਰੂ ਜੀ ਆਪਣੀ ਫੌਜ ਵਿੱਚ ਜੋਸ਼ ਅਤੇ ਭਾਵਨਾ ਪੈਦਾ ਕਰਨ ਲਈ ਨਕਲੀ ਲੜਾਈਆਂ ਕਰਵਾਉਂਦੇ ਸੀ ਅਤੇ ਜੇਤੂ ਫੌਜ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਸੀ

## ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਨੇ ਮੈਲਬੌਰਨ 'ਚ ਕੀਤੀ ਸੰਸਦ ਮੈਂਬਰਾਂ ਨਾਲ ਮੁਲਾਕਾਤ





ਮੈਲਬੌਰਨ - ਆਮ ਆਦਮੀ ਪਾਰਟੀ ਦੇ ਉਪ ਪ੍ਰਧਾਨ ਤੇ ਬਟਾਲਾ ਹਲਕੇ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਇਨ੍ਹੀਂ ਦਿਨੀਂ ਆਸਟ੍ਰੇਲੀਆ ਦੌਰੇ 'ਤੇ ਹਨ, ਜਿਸ ਦੇ ਚਲਦਿਆਂ ਮੈਲਬੌਰਨ ਵਿੱਚ ਵੱਖ-ਵੱਖ ਸੰਸਥਾਵਾਂ ਨਾਲ ਮੁਲਾਕਾਤਾਂ ਦਾ ਦੌਰ ਜਾਰੀ ਹੈ। ਸ਼ੈਰੀ ਕਲਸੀ ਨੇ ਬੀਤੇ ਦਿਨੀਂ ਮੈਲਟਨ ਤੋਂ ਮੈਂਬਰ ਪਾਰਲੀਮੈਂਟ ਸਟੀਵ ਮੈਗਈ ਦੇ ਵਿਸ਼ੇਸ਼ ਸੱਦੇ 'ਤੇ ਮੈਲਬੌਰਨ ਸਥਿਤ ਵਿਕਟੋਰੀਆ ਦੀ ਪਾਰਲੀਮੈਂਟ ਵਿੱਖੇ ਪੁੱਜੇ, ਜਿੱਥੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਕਲਸੀ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸਟੀਵ ਨੇ ਕਲਸੀ ਨੂੰ ਪਾਰਲੀਮੈਂਟ ਦਾ ਦੌਰਾ ਕਰਵਾਇਆ ਤੇ ਜਿੱਥੇ ਪਾਰਲੀਮੈਂਟ ਬਾਰੇ ਕਲਸੀ ਨੂੰ ਜਾਣੂ ਕਰਵਾਇਆ ਗਿਆ, ਉੱਥੇ ਹੀ ਇਤਹਾਸਕ ਪੱਖ ਤੋਂ ਵੀ ਜਾਣਕਾਰੀ ਸਾਂਝੀ ਕੀਤੀ।

ਇਸ ਦੌਰਾਨ ਕਲਸੀ ਨੇ ਕੋਰੀਰੋਇਟ ਹਲਕੇ ਦੀ ਮੈਂਬਰ ਪਾਰਲੀਮੈਂਟ ਲੂਬਾ ਗਰਿਗੋਰਿਵਚ ਨਾਲ ਵੀ ਮੁਲਾਕਾਤ ਕੀਤੀ ਤੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਤੇ ਇੱਥੋਂ ਦੀ ਸੰਸਦੀ ਕਾਰਜਪ੍ਰਣਾਲੀ ਬਾਰੇ ਵੀ ਜਾਣਕਾਰੀ ਲਈ। ਇਸ ਮੁਲਾਕਾਤ ਮਗਰੋਂ ਕਲਸੀ ਨੇ ਦੋਵਾਂ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਦੋਵਾਂ ਨੇਤਾਵਾਂ ਦੇ ਤਜ਼ਰਬਿਆਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਨ੍ਹਾਂ ਨੇ ਦੋਵੇਂ ਨੇਤਾਵਾਂ ਨੂੰ ਪੰਜਾਬ ਆਉਣ ਦਾ ਸੱਦਾ ਵੀ ਦਿੱਤਾ।

ਇਸ ਦੌਰਾਨ ਸ਼ੈਰੀ ਕਲਸੀ ਨੇ ਕਿਹਾ ਕਿ ਆਸਟ੍ਰੇਲੀਆ ਵਿੱਚ ਪੰਜਾਬੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ ਤੇ ਵੱਖਰੇ ਮੁਕਾਮ ਹਾਸਲ ਕੀਤੇ ਹਨ ਤੇ ਇਹੋ ਕਾਮਨਾ ਕਰਦਾਂ ਹਾਂ ਕਿ ਸਾਡੇ ਪੰਜਾਬੀ ਇਸੇ ਤਰ੍ਹਾਂ ਹਰੇਕ ਖੇਤਰ ਵਿੱਚ ਨਿਰੰਤਰ ਤਰੱਕੀਆਂ ਕਰਦੇ ਰਹਿਣ ਤੇ ਪੰਜਾਬ ਦਾ ਨਾਮ ਰੁਸ਼ਨਾਉਂਦੇ ਰਹਿਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਬਾਜਵਾ ਤੇ ਸਿਮਰਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ।

Mehak E wattan
Fortnightly Newspaper
•Issue-03 • March 2025
www.mehakewattan.com

## Mehak-E-Wattan Team

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

### ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ



ਆਪਣੀ ਸਰਹੱਦ ਤੋਂ ਦੂਰ ਧਕੇਲ ਦਿੱਤਾ ਜਾਏ। ਉਸ ਦਾ ਖ਼ਾਲਸਾ ਰਾਜ ਦੀ ਸਰਹੱਦ ਦੇ ਲਾਗੇ ਰਹਿਣਾ ਸ਼ਾਂਤੀ ਲਈ ਖ਼ਤਰਾ ਹੈ। ਜੇ ਸੱਯਦ ਸਾਹਿਬ ਆਪਣੇ ਆਪ ਇਥੋਂ ਨਿਕਲ ਜਾਏ ਤਾਂ ਇਸ ਵਿਚ ਉਸ ਦਾ ਵੀ ਭਲਾ ਹੈ ਅਤੇ ਇਲਾਕੇ ਦੇ ਵਸਨੀਕਾਂ ਦਾ ਵੀ ਲਾਭ ਹੈ, ਪਰ ਜੇ ਇਸ ਤਰ੍ਹਾਂ ਕਰਨ ਵਿੱਚ ਉਸ ਵੱਲੋਂ ਟਾਲ-ਮਟੋਲ ਯਾ ਰੁਕਾਵਟ ਹੋਈ ਤਾਂ ਮਹਾਰਾਜਾ ਦੇ ਫ਼ਰਮਾਨ ਨੂੰ ਸ਼ਕਤੀ ਨਾਲ ਪੂਰਾ ਕੀਤਾ ਜਾਏਗਾ। ਇਸ ਵਿਚ ਹਜ਼ਾਰਾਂ ਬਿਦੋਸੇ ਮਨੁੱਖਾਂ ਦੀਆਂ ਜਾਨਾਂ ਵਿਅਰਥ ਜਾਣਗੀਆਂ ਜਿਨ੍ਹਾਂ ਦੀ ਜ਼ਿੰਮੇਂਵਾਰੀ ਸੱਯਦ ਸਾਹਿਬ ਦੇ ਸਿਰ ਹੋਵੇਗੀ।

ਫ਼ਕੀਰ ਸਾਹਿਬ ਨੇ ਸੱਯਦ ਪਾਸ ਪਹੁੰਚ ਕੇ ਉਸਨੂੰ ਸ਼ਹਿਜ਼ਾਦਾ ਸ਼ੇਰ ਸਿੰਘ ਦਾ ਹੁਕਮ ਸੁਣਾ ਦਿੱਤਾ ਅਤੇ ਨਾਲ ਹੀ ਉਸ ਨੂੰ ਆਪਣੇ ਮਿੱਠੇ ਸੁਭਾਅ ਅਨੁਸਾਰ ਦੱਸਿਆ ਕਿ ਵਾਇਦਤ-ਪ੍ਰਸਤ ਖ਼ਾਲਸੇ ਦੇ ਵਿਰੁੱਧ ਆਪ ਦਾ ਜਹਾਦ ਦਾ ਫ਼ਤਵਾ ਸਾਦਰ ਕਰਨਾ ਇਸਲਾਮੀ ਸ਼ਰੀਅਤ ਦੇ ਪ੍ਰਤੀਕੂਲ ਹੈ ਕਿਉਂਕਿ ਸਿੱਖ ਇਸਲਾਮੀ ਸਿਧਾਂਤਾਂ ਅਨੁਸਾਰ ਇੱਕੋ ਰੱਬ ਦੇ ਪੁਜਾਰੀ ਹਨ, ਇਸ ਲਈ ਇਹ ਫ਼ਤਵਾ ਠੀਕ ਨਹੀਂ। ਇਕ ਪਾਸੇ ਤਾਂ ਆਪ ਆਪਣੇ ਆਪ ਨੂੰ ਸੰਸਾਰ ਤੋਂ ਤਿਆਗੀ ਦਸਦੇ ਹੋ ਅਤੇ ਦੂਜੇ ਬੰਨੇ ਆਪ ਬਿਦੋਸੇ ਰੱਬ ਦੇ ਬੰਦਿਆਂ ਪਰ ਸ਼ਬਖ਼ੂਨ, ਰਾਤ-ਛਪੋਲ ਮਾਰਕੇ ਉਹਨਾਂ ਨੂੰ ਲੁਟਦੇ ਹੋ ਤੇ ਕਤਲ ਕਰਦੇ ਹੋ। ਇਕੋ ਸਮੇਂ ਦੋ ਕੰਮ ਮਿਲਵੇਂ ਨਹੀਂ ਹੋ ਸਕਦੇ। ਜੇ ਕਦੇ ਆਪ ਲੁਟ ਮਾਰ ਆਪਣੇ ਨਿਰਬਾਹ ਲਈ ਕਰਦੇ ਹੋ ਤਾਂ ਇਸ ਦਾ ਉਪਾਅ ਬੜੇ ਪਾਕ ਤਰੀਕੇ ਨਾਲ ਹੋ ਸਕਦਾ ਹੈ। ਜੇ ਕਦੇ ਆਪ ਖ਼ੁਦਾ-ਪ੍ਰਸਤੀ; ਪੰਜਗਾਨਾ ਨਿਮਾਜ਼ ਆਦਿ ਇਲਾਹੀ ਯਾਦ ਵਿਚ ਰਹਿਕੇ ਅਮਨ ਚੈਨ ਨਾਲ ਰਹਿਣਾ ਚਾਹੁੰਦੇ ਹੋ ਤਾਂ ਮੈਂ ਆਪ ਦਾ ਅਖਵਤੀ ਭਾਈ ਹੋਣ ਦੀ ਸੂਰਤ ਵਿਚ ਆਪ ਦੇ ਲੰਗਰ ਅਤੇ ਹੋਰਨਾਂ ਯੋਗ ਲੋੜਾਂ ਪੂਰੀਆਂ ਕਰਨ ਲਈ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਸੇਵਾ ਵਿਚ ਬੇਨਤੀ ਕਰਕੇ ਕੋਈ ਯੋਗ ਤਰੀਕਾ ਪਰਵਾਨ ਕਰਵਾ ਦੇਵਾਂਗਾ, ਜਿਸ ਨਾਲ ਆਪ ਖਾਨ ਪਾਨ ਵਲੋਂ ਨਿਸਚਿੰਤ ਹੋ ਕੇ ਵਧੇਰੀ ਬੰਦਗੀ ਵਾਲਾ ਜੀਵਨ ਬਿਤਾ ਸਕੋਗੇ। ਆਪ ਦੇ ਸਾਹਮਣੇ ਅਸਾਂ ਦੋਵੇਂ ਰਾਹ ਰੱਖ ਦਿੱਤੇ ਹਨ : ਇਕ ਦੀਨ ਦਾ ਤੇ ਦੂਜਾ ਦੁਨੀਆਂ ਦਾ। ਪਹਿਲੇ ਵਿਚ ਆਪ ਦੀ ਸਲਾਮਤੀ ਹੈ ਤੇ ਦੂਜੇ ਵਿਚ ਤਬਾਹੀ। ਇਹ ਹੁਣ ਕੇਵਲ ਆਪ ਦੇ ਹੱਥ ਹੈ ਜਿਹੜਾ ਰਾਹ ਆਪ ਆਪਣੇ ਲਈ ਤੇ ਖ਼ਲਕ ਖ਼ੁਦਾ ਲਈ ਲਾਭਦਾਇਕ ਸਮਝੋ, ਚੁਣ ਲਵੋ।

ਇਸ ਮਿਲਣੀ ਅਤੇ ਗੱਲਬਾਤ ਬਾਰੇ ਸੱਯਦ ਅਹਿਮਦ ਦਾ ਇਕ ਸ਼ਰਧਾਲੂ ਮੁਰੀਦ ਮੁਹੰਮਦ ਜ਼ਾਫ਼ਰ ਉਸ ਦੇ ਜੀਵਨ ਬਿਰਤਾਂਤ ਵਿਚ ਲਿਖਦਾ ਹੈ[1] :-

ਅਸਲ ਲਿਖਤ ਇਹ ਹੈ :-

ਸ਼ਹਿਜ਼ਾਦਾ ਸਾਹਿਬ ਦੇ ਖ਼ਤ ਦਾ ਅਤੇ ਸਿਆਣੇ ਫ਼ਕੀਰ ਅਜ਼ੀਜ਼ੁੱਦੀਨ ਦੀਆਂ ਉਕਤੀਆਂ ਜੁਗਤੀਆਂ ਪੂਰਤ ਗੱਲਬਾਤ ਦਾ, ਸੱਯਦ ਸਾਹਿਬ ਨੇ ਦੱਸਿਆ ਕਿ ਉਸ ਨੇ ਮਨ ਪਰ ਬੜਾ ਚੰਗਾ ਪ੍ਰਭਾਵ ਪਿਆ ਹੈ ਕਿ ਸਿੱਖੀ ਅਤੇ ਇਸਲਾਮ ਦੇ ਅਸੂਲ ਬਹੁਤ ਨੇੜੇ ਨੇੜੇ ਹਨ। ਪਰ ਕੁਝ ਕੁ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਦਾ ਫ਼ੈਸਲਾ ਸ਼ਹਿਜ਼ਾਦਾ ਸਾਹਿਬ ਨਾਲ ਮਿਲ ਕੇ ਹੀ ਹੋ ਸਕਦਾ ਹੈ। ਇਸ ਕਾਰਜ ਲਈ ਸਾਡੇ ਕੁਝ ਆਦਮੀ ਸ਼ਹਿਜ਼ਾਦਾ ਜੀ ਪਾਸ ਪਹੁੰਚ ਕੇ ਨਿਰਨਾ ਕਰ ਲੈਣਗੇ, ਉਨ੍ਹਾਂ ਦੀ ਰੱਖਿਆ ਆਦਿ ਦਾ ਪ੍ਰਬੰਧ ਸ਼ਹਿਜ਼ਾਦਾ ਸਾਹਿਬ ਕਰ ਦੇਵੇ।

ਫ਼ਕੀਰ ਸਾਹਿਬ ਨੇ ਸੱਯਦ ਸਾਹਿਬ ਦੀ ਇਹ ਮੰਗ ਪ੍ਰਵਾਨ ਕਰ ਲਈ ਅਤੇ ਨਿਰਨੇ ਲਈ ਅਗਲਾ ਦਿਨ ਨੀਯਤ ਕੀਤਾ ਗਿਆ।

ਅਗਲੇ ਦਿਨ ਕੁਝ ਸਵਾਰ ਸੱਯਦ ਸਾਹਿਬ ਦੇ ਬੰਦਿਆਂ ਦੀ ਰੱਖਿਆ ਲਈ ਉਧਰ ਵੱਲ ਭੇਜੇ ਗਏ ਤੇ ਉਨ੍ਹਾਂ ਨੂੰ ਆਪਣੀ ਰੱਖਿਆ ਵਿਚ ਸ਼ਹਿਜ਼ਾਦੇ ਜੀ ਦੀ ਹਜ਼ੂਰੀ ਵਿਚ ਹਾਜ਼ਰ ਕਰ ਦਿੱਤਾ।

ਇਸ ਸਫ਼ਾਰਤ ਪਰ ਸ਼ਹਿਜ਼ਾਦਾ ਸਾਹਿਬ ਪਾਸ ਆਉਣ ਵਾਲਿਆਂ ਦੇ ਨਾਮ ਇਹ ਹਨ : ਮੌਲਾਨਾ ਖ਼ੈਰ ਦੀਨ ਸ਼ੇਰਕੋਟਵੀ ਅਤੇ ਹਾਜੀ ਬਹਾਦਰ ਸ਼ਾਹ ਦੇਹਲਵੀ, ਇਨ੍ਹਾਂ ਦੀ ਅਗਵਾਈ ਵਿਚ ਇਨ੍ਹਾਂ ਨਾਲ ਅੱਠ ਹੋਰ ਮੁਲਾਣੇ ਆਏ ਹਨ। ਖਾਨ ਪਾਨ ਤੇ ਕੁਝ ਸਮਾਂ ਆਰਾਮ ਕਰਨ ਦੇ ਉਪਰੰਤ ਜਦ ਇਨ੍ਹਾਂ ਨਾਲ ਵਿਚਾਰ ਆਰੰਭ ਹੋਈ ਤਾਂ ਇਨ੍ਹਾਂ ਦੀ ਗੱਲ-ਬਾਤ ਦੇ ਢੰਗ ਤੋਂ ਸ਼ਹਿਜ਼ਾਦਾ ਝੱਟ ਤਾੜ ਗਿਆ ਕਿ ਇਹ ਕਿਸੇ ਮਤਲਬ ਦੀ ਗੱਲ ਪਰ ਨਹੀਂ ਠਹਿਰੇ ਸਗੋਂ ਇਹ ਪਾਖੰਡ ਅਹਿਮਦ ਸ਼ਾਹ ਦੇ ਕੇਵਲ ਆਪਣੇ ਖਿੰਡੇ ਪੁੰਡੇ ਲਸ਼ਕਰ ਨੂੰ ਇਕੱਠਾ ਕਰਨ ਲਈ ਅਤੇ ਔਖਾ ਸਮਾਂ ਸਿਰੋਂ ਟਾਲਣ ਲਈ ਰਚਿਆ ਹੈ।

ਜਦ ਇਨ੍ਹਾਂ ਮੁਲਾਣਿਆਂ ਨਾਲ ਗੱਲ-ਬਾਤ ਕਰਨ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਸ਼ਾਹਜ਼ਾਦਾ ਸਾਹਿਬ ਨੇ ਇਨ੍ਹਾਂ ਨੂੰ ਰਸਦ ਪਾਣੀ ਦੇ ਕੇ ਫ਼ੌਜੀ ਪਹਿਰੇ ਹੇਠ ਸੱਯਦ ਪਾਸ ਭਿਜਵਾ ਦਿੱਤਾ।

ਇਧਰ ਆਪਣੀ ਫ਼ੌਜ ਦੇ ਮੁਖੀਆਂ ਨੂੰ ਬੁਲਵਾ ਕੇ ਸੱਯਦ ਦੀ ਚਾਲ ਦਾ ਸਮਾਚਾਰ ਦੱਸਿਆ ਅਤੇ ਨਾਲ ਹੀ ਧਾਵੇ ਲਈ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ। ਆਉਣ ਵਾਲੀ ਰਾਤ ਅਜੇ ਅੱਧੀ ਦੇ ਲਗਭਗ ਬੀਤੀ ਸੀ ਕਿ ਸ਼ਹਿਜ਼ਾਦੇ ਨੇ ਸੱਯਦ ਦੇ ਡੇਰੇ ਤੇ ਪਰ ਹੱਲਾ ਬੋਲ ਦਿੱਤਾ। ਅੱਗੇ ਜਾ ਕੇ ਪਤਾ ਲੱਗਾ ਕਿ ਸ਼ਹਿਜ਼ਾਦੇ ਦਾ ਖ਼ਿਆਲ ਠੀਕ ਸੀ। ਸੱਯਦ ਨੇ ਆਪਣੇ ਆਦਮੀ ਰਿਆਸਤ ਅੰਬ ਅਤੇ ਬੁਨੇਰ ਵੱਲ ਦੌੜਾ ਦਿੱਤੇ ਸਨ ਅਤੇ ਉੱਥੋਂ ਦੇ ਗਾਜ਼ੀਆਂ ਨੂੰ ਜ਼ਹਾਦ ਲਈ ਸ਼ੀਘਰ ਹੀ ਪਹੁੰਚ ਜਾਣ ਦੇ ਹੁਕਮਨਾਮੇ ਜਾਰੀ ਕਰ ਦਿੱਤੇ ਸਨ।

ਸੱਯਦ ਸਾਹਿਬ ਦੇ ਇਸ ਧੋਖੇ ਦੇ ਸਫ਼ਲ ਹੋਣ ਤੋਂ ਪਹਿਲਾਂ ਹੀ ਸ਼ਾਹਜ਼ਾਦੇ ਦੀ ਫ਼ੌਜ ਨੇ ਹਜ਼ਾਰਾਂ ਗ਼ਾਜ਼ੀਆਂ ਨੂੰ ਜਾ ਦਬੋਚਿਆ ਅਤੇ ਉਨ੍ਹਾਂ ਦੇ ਹੋਸ਼ ਸੰਭਾਲਣ ਤੱਕ ਸੈਂਕੜਿਆਂ ਨੂੰ ਸਦਾ ਲਈ ਮਿੱਠੀ ਨੀਂਦੇ ਸੁਲਾ ਦਿੱਤਾ।

ਇਥੇ ਫੱਟੜਾਂ ਦੀ ਗਿਣਤੀ ਬਹੁਤ ਵਧੇਰੇ ਸੀ। ਜਹਾਦੀਆਂ ਨੇ ਆਪਣੀ ਵਿੱਤ ਅਨੁਸਾਰ ਬੜੀ ਬਹਾਦਰੀ ਨਾਲ ਖ਼ਾਲਸਾ ਫ਼ੌਜ ਦਾ ਟਾਕਰਾ ਕੀਤਾ, ਪਰ ਖ਼ਾਲਸੇ ਦੀ ਤੂਫ਼ਾਨੀ ਲਹਿਰ ਦੇ ਸਾਹਮਣੇ ਉਹ ਇੰਞ ਰੁੜੇ ਜਿਵੇਂ ਹੜ੍ਹ ਦੇ ਸਾਹਮਣੇ ਕੱਖ ਕਾਨੇ। ਇਸ ਸਮੇਂ ਸੱਯਦ ਅਹਿਮਦ ਸਾਹਿਬ ਸਣੇ ਕੁਝ ਸਾਥੀਆਂ, ਮੁਕਬਰ ਖ਼ਾਨ ਨਵਾਬ ਪੰਜ ਤਾਰ ਦੇ, ਬੜੀ ਹਿੰਮਤ ਕਰਕੇ ਆਪਣਾ ਹੱਡ-ਚੰਮ ਬਚਾ ਕੇ ਉਥੋਂ ਹਰਨ ਹੋ ਗਏ।

ਪਿੱਛੋਂ ਜਾ ਕੇ ਮਾਲੂਮ ਹੋਇਆ ਕਿ ਜਦ ਖ਼ਾਲਸੇ ਨੇ ਮੈਦਾਨੇ ਜੰਗ ਵਿਚ ਪਹੁੰਚ ਕੇ ਪਹਿਲਾ ਜੈਕਾਰਾ ਗਜਾਇਆ ਸੀ ਤਾਂ ਸੱਯਦ ਸਾਹਿਬ ਨੇ ਹਜ਼ਾਰਾਂ ਗ਼ਾਜ਼ੀਆਂ ਨੂੰ ਖ਼ਾਲਸੇ ਦੀ ਤਲਵਾਰ ਦੀ ਭੇਟਾ ਲਈ ਪਿੱਛੇ ਛੱਡ ਕੇ ਆਪ ਨਾਲ ਦੇ ਪਹਾੜਾਂ ਵਿਚ ਜਾ ਸਾਹ ਲਿਆ ਸੀ। ਇਨ੍ਹਾਂ ਵਿਚਾਰੇ ਗ਼ਾਜ਼ੀਆਂ ਨੂੰ ਸੱਯਦ ਸਾਹਿਬ ਦੇ ਅਲੋਪ ਹੋ ਜਾਣ ਦਾ ਉਦੋਂ ਪਤਾ ਲੱਗਾ ਜਦੋਂ ਉਹ ਬੁਨੇਰ ਦੇ ਪਹਾੜਾਂ ਵਿਚ ਕਈ ਕੋਹ ਖ਼ਾਲਸੇ ਦੀ ਮਾਰ ਤੋਂ ਦੂਰ ਨਿਕਲ ਗਿਆ ਸੀ। ਹੁਣ ਪਿੱਛੇ ਰਹੇ ਗ਼ਾਜ਼ੀਆਂ ਨੇ ਬਿਨਾਂ ਆਗੂਆਂ ਦੀ ਅਗਵਾਈ ਦੇ ਕੀ ਲੜਨਾ ਸੀ। ਇਨ੍ਹਾਂ ਮੈਦਾਨ ਖ਼ਾਲਸੇ ਦੀ ਭੇਟ ਕਰਕੇ ਜਿੱਧਰ ਕਿਸੇ ਨੂੰ ਰਾਹ ਲੱਭਾ ਉਹ ਉਧਰ ਨੂੰ ਹੀ ਨਿਕਲ ਗਿਆ ਅਤੇ ਠੀਕ-ਠਾਕ ਰਣ-ਤੱਤੇ ਵਿਚੋਂ ਬਚ ਕੇ ਨਿਕਲਣ ਲਈ ਆਪਣੀਆਂ ਤਿੱਖੀਆਂ-ਭੱਜਣ ਵਾਲੀਆਂ ਲੱਤਾਂ ਦਾ ਲੱਖ-ਲੱਖ ਵੇਰ ਧੰਨਵਾਦ ਕੀਤਾ। ਹੁਣ ਮੈਦਾਨੇ ਜੰਗ ਪਰ ਜੇਤੂ ਖ਼ਾਲਸੇ ਦਾ ਪੂਰਾ-ਪੂਰਾ ਕਬਜ਼ਾ ਹੋ ਗਿਆ। ਇਥੇ ਚਾਰ ਹਲਕੀਆਂ ਤੋਪਾਂ, ਕਈ ਸੌ ਬੰਦੂਕਾਂ, ਅਣਗਿਣਤ ਤਲਵਾਰਾਂ ਅਤੇ ਬਹੁਤ ਬੜਾ ਜ਼ਖ਼ੀਰਾ ਅਨਾਜ ਆਦਿ ਦਾ ਖ਼ਾਲਸੇ ਦੇ ਹੱਥ ਆਇਆ।

ਇਸ ਲੜਾਈ ਵਿਚ ਕਈ ਸੌ ਮੁਲਖਈਆ ਖ਼ਾਲਾਸਾ ਫ਼ੌਜ ਦੇ ਹੱਥੋਂ ਜੰਨਤ-ਨਿਵਾਸ ਹੋਇਆ ਅਤੇ ਬਾਕੀ ਰਹਿੰਦੇ ਏਨੀ ਤੇਜ਼ੀ ਨਾਲ ਨੱਸ ਗਏ ਕਿ ਫ਼ਤਹਯਾਬ ਫ਼ੌਜ ਇਨ੍ਹਾਂ ਤੱਕ ਪਹੁੰਚ ਵੀ ਨਾ ਸਕੀ। ਸਰਕਾਰੀ ਫ਼ੌਜ ਦਾ ਨੁਕਸਾਨ ਇੰਞ ਸੀ : 120 ਜਵਾਨ ਲੜਾਈ ਵਿਚ ਚੜ੍ਹਾਈ ਕਰ ਗਏ, 187 ਫੱਟੜ ਹੋਏ, 73 ਘੋੜਿਆਂ ਦਾ ਨੁਕਸਾਨ ਹੋਇਆ।

## ਸ਼ਹਿਜ਼ਾਦਾ ਸ਼ੇਰ ਸਿੰਘ ਦੀ ਹੋਰ ਸਫਲਤਾ

ਪੰਜ ਤਾਰ ਫ਼ਤਹਿ ਹੋ ਗਈ। ਸੱਯਦ ਅਹਿਮਦ ਦੀ ਖ਼ਾਲਸੇ ਹੱਥੋਂ ਇਹ ਭਾਂਜ ਬੜੀ ਤਬਾਹੀ ਵਾਲੀ ਸੀ। ਪਰ ਇਹ ਗੱਲ ਹੈਰਾਨਗੀ ਨਾਲ ਲਿਖਣੀ ਪੈਂਦੀ ਹੈ ਕਿ ਉਸ ਦਾ ਅਸਰ ਅਜੇ ਵੀ ਯੂਸਫ਼ਜ਼ਈਆਂ ਦਿਆਂ ਮਨਾਂ ਪਰ ਬਾਕੀ ਸੀ। ਕਈ ਥਾਈਂ ਇਸ ਨੇ ਆਪਣੇ ਵੱਲੋਂ ਹੁਸ਼ਰ (ਦਸਵੰਧ) ਉਗਰਾਹੁਣ ਲਈ ਤਹਿਸੀਲਦਾਰ ਨੀਯਤ ਕੀਤੇ ਹੋਏ ਸਨ। ਪਠਾਣਾਂ ਦੇ ਝਗੜੇ-ਝੇੜਿਆਂ ਦੇ ਫ਼ੈਸਲਿਆਂ ਲਈ ਇਸ ਦੇ ਮੁਫ਼ਤੀ ਤੇ ਕਾਜ਼ੀ ਸ਼ਰੀਹਤ ਦੀ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
Residential Sales
Rental Property Management (REINZ Accredited PM Company)
Business Sales
Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਫਰਾਂਸ ਵੀ ਅਮਰੀਕਾ ਵਾਂਗ ਯੂਕ੍ਰੇਨ ਦੇ ਖਣਿਜਾਂ ਦਾ ਇੱਛੁਕ



ਪੈਰਿਸ - ਫਰਾਂਸ ਦੇ ਰੱਖਿਆ ਮੰਤਰੀ ਸੇਬੇਸਟੀਅਨ ਲੇਕਾਰਨੂ ਨੇ ਵੀਰਵਾਰ ਨੂੰ ਕਿਹਾ ਕਿ ਫਰਾਂਸ ਯੂਕ੍ਰੇਨ ਦੇ ਮਹੱਤਵਪੂਰਨ ਖਣਿਜ ਭੰਡਾਰਾਂ ਤੱਕ ਪਹੁੰਚਣਾ ਚਾਹੁੰਦਾ ਹੈ, ਜਿਸ ਲਈ ਮਹੀਨਿਆਂ ਤੋਂ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਇਸ ਗੱਲ ਦਾ ਸੰਕੇਤ ਦਿੱਤਾ ਹੈ ਕਿ ਇਸ ਮਾਮਲੇ 'ਚ ਅਮਰੀਕਾ ਹੀ ਇਕੱਲਾ ਦੇਸ਼ ਨਹੀਂ ਹੈ।

ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਦੇ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ 'ਚ ਅਮਰੀਕਾ ਨਾਲ ਖਣਿਜਾਂ ਸਬੰਧੀ ਸਮਝੌਤੇ 'ਤੇ ਦਸਤਖਤ ਕਰਨ ਦੀ ਉਮੀਦ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ।

ਫਰਾਂਸ ਦੇ ਰੱਖਿਆ ਮੰਤਰੀ ਲੇਕਾਰਨੂ ਨੇ ਦੱਸਿਆ ਕਿ ਫਰਾਂਸ ਵੀ ਯੂਕ੍ਰੇਨ ਨਾਲ ਗੱਲਬਾਤ ਕਰ ਰਿਹਾ ਹੈ-ਜਿਸਦਾ ਉਦੇਸ਼ ਅਮਰੀਕਾ ਵਾਂਗ ਮਹੱਤਵਪੂਰਨ ਖਣਿਜਾਂ ਦੀ ਸਪਲਾਈ 'ਚ ਵਿਭਿੰਨਤਾ ਲਿਆਉਣਾ ਹੈ। ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਫਰਾਂਸ ਕਿਹੜੇ ਖਣਿਜ ਚਾਹੁੰਦਾ ਹੈ।

ਲੇਕਾਰਨੂ ਨੇ ਕਿਹਾ ਕਿ ਅਸੀਂ ਫਰਾਂਸ ਦੀਆਂ ਜ਼ਰੂਰਤਾਂ ਦੇ ਅਨੁਸਾਰ ਇਸ ਮੁੱਦੇ 'ਤੇ ਗੱਲ ਕਰ ਰਹੇ ਹਾਂ। ਮੇਰੇ ਕੋਲ ਰੱਖਿਆ ਉਦਯੋਗ ਹੈ, ਜਿਸ ਨੂੰ ਆਉਣ ਵਾਲੇ ਸਾਲਾਂ 'ਚ ਕੁਝ ਨਿਸ਼ਚਿਤ ਮਾਤਰਾ 'ਚ ਕੱਚੇ ਮਾਲ ਤੱਕ ਪਹੁੰਚ ਦੀ ਲੋੜ ਹੋਵੇਗੀ।

# ਜਾਪਾਨ 'ਚ 9ਵੇਂ ਸਾਲ ਵੀ ਹੇਠਲੇ ਪੱਧਰ 'ਤੇ ਰਹੀ ਜਨਮ ਦਰ



ਟੋਕੀਓ - ਜਾਪਾਨ ਵਿੱਚ ਜਨਮ ਦਰ ਪਿਛਲੇ 9 ਸਾਲਾਂ ਤੋਂ ਲਗਾਤਾਰ ਘਟ ਰਹੀ ਹੈ ਅਤੇ 2024 ਵਿੱਚ ਇਹ ਹੋਰ ਵੀ ਘੱਟ ਗਈ। ਸਿਹਤ ਮੰਤਰਾਲਾ ਦੇ ਅੰਕੜਿਆਂ ਅਨੁਸਾਰ, 2023 ਦੇ ਮੁਕਾਬਲੇ ਪਿਛਲੇ ਸਾਲ ਦੇਸ਼ ਵਿੱਚ 5 ਫੀਸਦੀ ਘੱਟ ਬੱਚੇ ਪੈਦਾ ਹੋਏ। ਉਮੀਦ ਨਾਲੋਂ ਤੇਜ਼ੀ ਨਾਲ ਹੋਈ ਗਿਰਾਵਟ ਦਰਸਾਉਂਦੀ ਹੈ ਕਿ ਸਰਕਾਰੀ ਉਪਾਵਾਂ ਨੇ ਦੇਸ਼ ਦੀ ਤੇਜ਼ੀ ਨਾਲ ਬੁੱਢੀ ਹੋ ਰਹੀ ਅਤੇ ਘਟਦੀ ਆਬਾਦੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਨਹੀਂ ਕੀਤਾ ਹੈ। ਸਿਹਤ ਅਤੇ ਭਲਾਈ ਮੰਤਰਾਲਾ ਅਨੁਸਾਰ, 2024 ਵਿੱਚ ਜਾਪਾਨ ਵਿੱਚ 720,998 ਬੱਚੇ ਪੈਦਾ ਹੋਏ, ਜੋ ਕਿ 2023 ਦੇ ਮੁਕਾਬਲੇ 5 ਫੀਸਦੀ ਘੱਟ ਹਨ। 1899 ਵਿੱਚ ਜਦੋਂ ਤੋਂ ਜਾਪਾਨ ਨੇ ਜਨਮ ਦਰ ਦੇ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ, ਉਸ ਤੋਂ ਬਾਅਦ ਪੈਦਾ ਹੋਣ ਵਾਲੇ ਬੱਚਿਆਂ ਦੀ ਇਹ ਸਭ ਤੋਂ ਘੱਟ ਗਿਣਤੀ ਸੀ।

ਮੁੱਖ ਕੈਬਨਿਟ ਸਕੱਤਰ ਯੋਸ਼ੀਮਾਸਾ ਹਯਾਸ਼ੀ ਨੇ ਪੱਤਰਕਾਰਾਂ ਨੂੰ ਕਿਹਾ, "ਸਾਡਾ ਮੰਨਣਾ ਹੈ ਕਿ ਜਨਮ ਦਰ ਵਿੱਚ ਗਿਰਾਵਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਿਆ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਬਾਲ ਦੇਖਭਾਲ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਅਤੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਪਰਿਵਾਰਾਂ ਲਈ ਸਬਸਿਡੀ ਦੇਣ ਲਈ ਲਗਾਤਾਰ ਕੋਸ਼ਿਸ਼ ਕਰੇਗੀ, ਨਾਲ ਹੀ ਤਨਖਾਹ ਵਾਧੇ ਨੂੰ ਉਤਸ਼ਾਹਿਤ ਕਰਨ ਅਤੇ ਵਿਆਹ ਨਾਲ ਸਬੰਧਤ ਯਤਨਾਂ ਦਾ ਸਮਰਥਨ ਜਾਰੀ ਰੱਖੇਗੀ। ਜਾਪਾਨ ਦੀ ਆਬਾਦੀ 2070 ਤੱਕ ਲਗਭਗ 30 ਫੀਸਦੀ ਘਟ ਕੇ 8.70 ਕਰੋੜ ਹੋ ਜਾਣ ਦਾ ਅਨੁਮਾਨ ਹੈ, ਜਦੋਂ ਹਰ 10 ਵਿੱਚੋਂ 4 ਲੋਕ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਣਗੇ।












## ਟਰੰਪ ਦਾ ਵੱਡਾ ਫੈਸਲਾ, 4 ਮਾਰਚ ਤੋਂ ਮੈਕਸੀਕੋ, ਕੈਨੇਡਾ ‘ਤੇ ਲਾਗੂ ਹੋਵੇਗਾ ਟੈਰਿਫ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ 4 ਮਾਰਚ ਤੋਂ ਮੈਕਸੀਕੋ, ਕੈਨੇਡਾ ਅਤੇ ਚੀਨ ‘ਤੇ ਉਨ੍ਹਾਂ ਦੇ ਪ੍ਰਸਤਾਵਿਤ ਟੈਰਿਫ ਲਾਗੂ ਹੋਣਗੇ। ਇਸ ਫੈਸਲੇ ਨਾਲ ਵਪਾਰ ਦੀ ਦਿਸ਼ਾ ਬਦਲ ਸਕਦੀ ਹੈ ਅਤੇ ਅਮਰੀਕਾ ਦੇ ਵਪਾਰਕ ਰਿਸ਼ਤਿਆਂ ‘ਤੇ ਅਸਰ ਪੈ ਸਕਦਾ ਹੈ। ਇਹ ਫੈਸਲਾ 3 ਫਰਵਰੀ ਨੂੰ ਇਕ ਮਹੀਨੇ ਲਈ ਰੋਕੇ ਗਏ ਟੈਰਿਫ ਦੇ ਸੰਬੰਧ ‘ਚ ਲਿਆ ਗਿਆ ਹੈ, ਜਿਸ ਨਾਲ ਟਰੰਪ ਪ੍ਰਸ਼ਾਸਨ ਦੇ ਫੈਸਲਿਆਂ ਨੂੰ ਲੈ ਕੇ ਭਰਮ ਦੀ ਸਥਿਤੀ ਬਣੀ ਹੋਈ ਸੀ।

**ਕੀ ਹਨ ਇਹ ਨਵੇਂ ਟੈਰਿਫ ?**

ਟਰੰਪ ਪ੍ਰਸ਼ਾਸਨ ਨੇ ਮੈਕਸੀਕੋ ਅਤੇ ਕੈਨੇਡਾ ਤੋਂ ਆਯਾਤ ਹੋਣ ਵਾਲੇ ਸਾਮਾਨ ‘ਤੇ 25 ਫੀਦੀ ਦਾ ਵਿਆਪਕ ਟੈਰਿਫ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ। 3 ਫਰਵਰੀ ਨੂੰ ਇਨ੍ਹਾਂ ਟੈਰਿਫ ਨੂੰ ਇਕ ਮਹੀਨੇ ਲਈ ਮੁਲਤਵੀ ਕੀਤਾ ਗਿਆ ਸੀ ਪਰ ਹੁਣ ਰਾਸ਼ਟਰਪਤੀ ਨੇ 4 ਮਾਰਚ ਤੋਂ ਇਨ੍ਹਾਂ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਹੈ। ਇਸ ਦੇ ਨਾਲ ਹੀ, ਚੀਨ ‘ਤੇ 10 ਫੀਸਦੀ ਵਾਧੂ ਟੈਰਿਫ ਲਾਗੂ ਕੀਤਾ ਜਾਵੇਗਾ।

**ਕੀ ਹੋਵੇਗਾ ਇਸਦਾ ਅਸਰ ?**

ਵਪਾਰ ‘ਚ ਰੁਕਾਵਟ : ਇਹ ਟੈਰਿਫ ਅਮਰੀਕਾ ਦੇ ਵਪਾਰਕ ਰਿਸ਼ਤਿਆਂ ‘ਤੇ ਸਿੱਧਾ ਅਸਰ ਪਾ ਸਕਦੇ ਹਨ। ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਉਤਪਾਦਾਂ ‘ਤੇ ਵਧੇ ਹੋਏ ਟੈਰਿਫ ਨਾਲ ਉਨ੍ਹਾਂ ਦੇਸ਼ਾਂ ਦੇ ਨਾਲ ਵਪਾਰ ਮਹਿੰਗਾ ਹੋ ਸਕਦਾ ਹੈ।

ਖੇਤੀ ਅਤੇ ਉਦਯੋਗ ‘ਤੇ ਅਸਰ : ਦੋਵਾਂ ਦੇਸ਼ਾਂ ਤੋਂ ਆਯਾਤ ਹੋਣ ਵਾਲੇ ਖੇਤੀ ਅਤੇ ਉਦਯੋਗਿਕ ਸਾਮਾਨ ‘ਤੇ ਜ਼ਿਆਦਾ ਟੈਰਿਫ ਵਧਾਉਣ ਨਾਲ ਅਮਰੀਕੀ ਉਪਭੋਗਤਾਵਾਂ ਨੂੰ ਮਹਿੰਗੀ ਕੀਮਤ ਦਾ ਸਾਮਾਨ ਕਰਨਾ ਪੈ ਸਕਦਾ ਹੈ।

ਚੀਨ ‘ਤੇ ਪ੍ਰਭਾਵ : ਚੀਨ ਤੋਂ ਆਯਾਤਿਤ ਉਤਪਾਦਾਂ ‘ਤੇ 10 ਫੀਸਦੀ ਵਾਧੂ ਟੈਰਿਫ ਲਾਗੂ ਹੋਣ ਨਾਲ ਅਮਰੀਕਾ ਅਤੇ ਚੀਨ ਵਿਚਾਲੇ ਤਣਾਅ ਹੋਰ ਵਧ ਸਕਦਾ ਹੈ ਅਤੇ ਇਹ ਗਲੋਬਲ ਬਾਜ਼ਾਰਾਂ ‘ਚ ਅਸਰ ਪਾ ਸਕਦਾ ਹੈ।

**ਕੀ ਹੋਵੇਗਾ ਅੱਗੇ ?**

4 ਮਾਰਚ ਤੋਂ ਇਹ ਨਵੇਂ ਟੈਰਿਫ ਲਾਗੂ ਹੋ ਜਾਣਗੇ, ਜਿਸ ਨਾਲ ਵਪਾਰਕ ਜਗਤ ਵਿੱਚ ਭੰਬਲਭੂਸਾ ਪੈਦਾ ਹੋਵੇਗਾ। ਇਹ ਅਮਰੀਕੀ ਕਾਰੋਬਾਰਾਂ ਅਤੇ ਕੰਪਨੀਆਂ ਲਈ ਇੱਕ ਵੱਡਾ ਬਦਲਾਅ ਹੋਵੇਗਾ ਅਤੇ ਉਹ ਇਸਦੇ ਪ੍ਰਭਾਵਾਂ ਦਾ ਮੁਲਾਂਕਣ ਕਰਨਗੇ। ਇਸ ਤੋਂ ਇਲਾਵਾ ਮੈਕਸੀਕੋ, ਕੈਨੇਡਾ ਅਤੇ ਚੀਨ ਵਰਗੇ ਦੇਸ਼ਾਂ ਦੇ ਅਮਰੀਕੀ ਵਪਾਰੀਆਂ ਨੂੰ ਨਵੀਆਂ ਨੀਤੀਆਂ ਨੂੰ ਸਮਝਣ ਵਿੱਚ ਸਮਾਂ ਲੱਗ ਸਕਦਾ।

## ਏਅਰ ਨਿਊਜ਼ੀਲੈਂਡ ਦੀ ਫਲਾਈਟ ‘ਚ ਗੂੰਜੀਆਂ ਕਿਲਕਾਰੀਆਂ



ਆਰਐਨਜ਼ੈਡ ਦੀ ਇੱਕ ਨਿਊਜ਼ ਮੁਤਾਬਿਕ ਆਕਲੈਂਡ ਤੋਂ ਨਿਊ ਪਲਾਈਮਾਊਥ ਜਾ ਰਹੀ ਏਅਰ ਨਿਊਜ਼ੀਲੈਂਡ ਦੀ ਉਡਾਣ ਵਿੱਚ ਇੱਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ ਹੈ।

ਏਅਰ ਨਿਊਜ਼ੀਲੈਂਡ ਦੇ ਇੱਕ ਬੁਲਾਰੇ ਨੇ ਕਿਹਾ ਕਿ ਬੁੱਧਵਾਰ ਨੂੰ ਫਲਾਈਟ ਂਗ5041 ਦੇ ਨਿਊ ਪਲਾਈਮਾਊਥ ਵਿੱਚ ਉਤਰਨ ਤੋਂ ਬਾਅਦ ਇੱਕ ਮਹਿਲਾ ਯਾਤਰੀ ਨੂੰ ਜਹਾਜ਼ ਦੇ ਵਿੱਚ ਹੀ ਡਾਕਟਰੀ ਸਹਾਇਤਾ ਦੀ ਜ਼ਰੂਰਤ ਸੀ। ਹਵਾਈ ਅੱਡੇ ‘ਤੇ ਇੱਕ ਯਾਤਰੀ ਨੇ ਕਿਹਾ ਕਿ ਜਹਾਜ਼ ਦੇ ਆਉਣ ਤੋਂ ਬਾਅਦ ਟਾਰਮੈਕ ‘ਤੇ ਇੱਕ ਐਂਬੂਲੈਂਸ ਵੀ ਦੇਖੀ ਗਈ ਸੀ।

ਯਾਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਬਾਅਦ ਵਿੱਚ ਏਅਰ ਨਿਊਜ਼ੀਲੈਂਡ ਦੇ ਸਟਾਫ ਦੁਆਰਾ ਦੱਸਿਆ ਗਿਆ ਕਿ ਜਹਾਜ਼ ਦੇ ਉਤਰਨ ਤੋਂ ਬਾਅਦ ਇੱਕ ਔਰਤ ਨੂੰ ਜਣੇਪੇ ਦੀ ਪੀੜ ਹੋਈ ਸੀ ਅਤੇ ਥੋੜ੍ਹੀ ਦੇਰ ਬਾਅਦ ਬੱਚੇ ਦਾ ਜਨਮ ਹੋਇਆ ਸੀ।

ਸੇਂਟ ਜੌਨ ਅਤੇ ਨਿਊ ਪਲਾਈਮਾਊਥ ਹਵਾਈ ਅੱਡੇ ਦੀ ਫਾਇਰ ਰੈਸਕਿਊ ਟੀਮ ਦੋਵਾਂ ਨੇ ਕਿਹਾ ਕਿ ਉਨ੍ਹਾਂ ਨੇ ਦੁਪਹਿਰ 3 ਵਜੇ ਦੇ ਕਰੀਬ ਡਾਕਟਰੀ ਕਾਲਆਊਟ ਦਾ ਜਵਾਬ ਦਿੱਤਾ ਸੀ। ਸੇਂਟ ਜੌਨ ਦੇ ਇੱਕ ਬੁਲਾਰੇ ਨੇ ਕਿਹਾ ਕਿ, “ਇੱਕ ਐਂਬੂਲੈਂਸ ਪਹੁੰਚੀ ਹੋਈ ਸੀ ਅਤੇ ਦੋ ਮਰੀਜ਼ਾਂ ਨੂੰ ਦਰਮਿਆਨੀ ਹਾਲਤ ਵਿੱਚ ਤਰਾਨਾਕੀ ਬੇਸ ਹਸਪਤਾਲ ਲਿਜਾਇਆ ਗਿਆ ਸੀ।” ਏਅਰ ਨਿਊਜ਼ੀਲੈਂਡ ਨੇ ਕਿਹਾ ਕਿ ਉਨ੍ਹਾਂ ਦੇ ਚਾਲਕ ਦਲ ਅਤੇ ਜਹਾਜ਼ ਵਿੱਚ ਮੌਜੂਦ ਹੋਰ ਗਾਹਕਾਂ ਨੇ ਤੇਜ਼ੀ ਨਾਲ ਮਹਿਲਾ ਦੀ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ, “ਅਸੀਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਮਦਦ ਕੀਤੀ ਅਤੇ ਮਹਿਲਾ ਯਾਤਰੀ ਦੀ ਚੰਗੀ ਕਾਮਨਾ ਕੀਤੀ।”

First in service
THIRSTY LIQUOR
First in value
Black Bull LIQUOR
NO BULL, JUST THE BEST
Over 200 Liquor Stores Nationwide
Join the fastest gowing liquor franchise in NZ! If you would like to discuss any liquor store business opportunities do not hesitate to contact any one of the team.
Tina 021 854 786
Jack 021 783 488

Travel Point
0800 66 11 88
Specialist for Indian Subcontinent Travel



Competitive Pricing
Trusted Service
Customer Focus
Leisure & Business Travel
Group & Tour Bookings



TICKETING
TOURS
HOLIDAYS



SANDRINGHAM OFFICE
521 Sandringham Road
Sandringham, Auckland, Ph: 09-815 3595
PAPATOETOE OFFICE
14 East Tamaki Road,
Papatoetoe, Auckland, Ph: 09-277 0592
Emergency 24/7: 027 491 8583
www.travelpoint.co.nz

# 50 ਕਰੋੜ ਦੇ ਮਾਮਲੇ ‘ਚ ਫਸੀ ਤਮੰਨਾ ਭਾਟੀਆ ਤੇ ਕਾਜਲ ਅਗਰਵਾਲ





ਨਵੀਂ ਦਿੱਲੀ - ਕੋਇੰਬਟੂਰ ਵਿੱਚ ਪੁਡੂਚੇਰੀ ਪੁਲਸ ਨੇ ਇੱਕ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਕ੍ਰਿਪਟੋਕਰੰਸੀ ਵਪਾਰ ਦੇ ਨਾਮ ‘ਤੇ ਦੇਸ਼ ਭਰ ਵਿੱਚ 50 ਕਰੋੜ ਰੁਪਏ ਤੱਕ ਦੀ ਧੋਖਾਧੜੀ ਕੀਤੀ ਸੀ। ਕ੍ਰਿਪਟੋਕਰੰਸੀ ਧੋਖਾਧੜੀ ਮਾਮਲੇ ਵਿੱਚ ਦੱਖਣੀ ਅਭਿਨੇਤਰੀ ਤਮੰਨਾ ਭਾਟੀਆ ਅਤੇ ਕਾਜਲ ਅਗਰਵਾਲ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ। ਪੁਡੂਚੇਰੀ ਸਾਈਬਰ ਕ੍ਰਾਈਮ ਪੁਲਸ ਨੇ ਕ੍ਰਿਪਟੋਕਰੰਸੀ ਧੋਖਾਧੜੀ ਮਾਮਲੇ ਵਿੱਚ ਤਮੰਨਾ ਅਤੇ ਕਾਜਲ ਅਗਰਵਾਲ ਨੂੰ ਤਲਬ ਕਰਨ ਅਤੇ ਉਨ੍ਹਾਂ ਤੋਂ ਪੁੱਛਗਿੱਛ ਕਰਨ ਦਾ ਫੈਸਲਾ ਕੀਤਾ ਹੈ।

ਪੁਡੂਚੇਰੀ ਦੇ ਮੂਲੱਕੁਲਮ ਦੇ ਰਹਿਣ ਵਾਲੇ ਸੇਵਾਮੁਕਤ ਸਿਪਾਹੀ ਅਸ਼ੋਕਨ ਸਮੇਤ 10 ਲੋਕਾਂ ਵਿਰੁੱਧ 3 ਕਰੋੜ ਰੁਪਏ ਦੀ ਧੋਖਾਧੜੀ ਕਰਨ ਦੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਆਧਾਰ ‘ਤੇ ਪੁਡੂਚੇਰੀ ਸਾਈਬਰ ਕ੍ਰਾਈਮ ਪੁਲਸ ਨੇ ਜਾਂਚ ਕੀਤੀ ਹੈ। ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਕੋਇੰਬਟੂਰ ਸਥਿਤ ਇੱਕ ਧੋਖਾਧੜੀ ਗਿਰੋਹ ਨੇ ਦਿੱਲੀ, ਓਡੀਸ਼ਾ, ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਕੇਰਲ ਸਮੇਤ ਕਈ ਰਾਜਾਂ ਵਿੱਚ ਸੈਂਕੜੇ ਲੋਕਾਂ ਨਾਲ ਧੋਖਾ ਕੀਤਾ ਸੀ ਅਤੇ ਉਨ੍ਹਾਂ ਨਾਲ 50 ਕਰੋੜ ਰੁਪਏ ਤੱਕ ਦੀ ਠੱਗੀ ਮਾਰੀ ਸੀ। ਇਸ ਕੰਪਨੀ ਵਿਰੁੱਧ ਵਿੱਲੂਪੁਰਮ ਅਤੇ ਤਿਰੂਪੁਰ ਵਰਗੇ ਸ਼ਹਿਰਾਂ ਵਿੱਚ ਵੀ ਸ਼ਿਕਾਇਤਾਂ ਹਨ।

ਇਸ ਮਾਮਲੇ ਵਿੱਚ ਤਮੰਨਾ ਅਤੇ ਕਾਜਲ ਦੇ ਨਾਮ ਇਸ ਲਈ ਸਾਹਮਣੇ ਆਏ ਹਨ ਕਿਉਂਕਿ ਤਮੰਨਾ ਨੇ ਕੰਪਨੀ ਦੇ ਲਾਂਚ ਈਵੈਂਟ ਵਿੱਚ ਹਿੱਸਾ ਲਿਆ ਸੀ। ਦੂਜੇ ਪਾਸੇ, ਕਾਜਲ ਇਮ ਨੇ ਉਸੇ ਕੰਪਨੀ ਲਈ ਇੱਕ ਹੋਰ ਕਾਰਪੋਰੇਟ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਲਈ ਦੋਵਾਂ ਅਭਿਨੇਤਰੀਆਂ ਨੂੰ ਮਹਿੰਗੇ ਤੋਹਫ਼ੇ ਵੀ ਦਿੱਤੇ ਗਏ। ਪੁਲਿਸ ਨੇ ਕਾਜਲ ਅਤੇ ਤਮੰਨਾ ਤੋਂ ਜਵਾਬ ਮੰਗਿਆ ਹੈ ਕਿ ਕੀ ਉਹ ਸਿਰਫ਼ ਕੰਪਨੀ ਲਈ ਸਮਾਗਮਾਂ ਦਾ ਸਮਰਥਨ ਕਰ ਰਹੇ ਸਨ ਜਾਂ ਕੀ ਉਨ੍ਹਾਂ ਦੀ ਕੋਈ ਵਿੱਤੀ ਸ਼ਮੂਲੀਅਤ ਵੀ ਸੀ। ਜਾਣਕਾਰੀ ਅਨੁਸਾਰ, ਇਸ ਗਿਰੋਹ ਨੇ 2024 ਵਿੱਚ ਹੀ 30 ਕਰੋੜ ਰੁਪਏ ਦੀ ਠੱਗੀ ਮਾਰੀ ਸੀ। ਇਸ ਤੋਂ ਪਹਿਲਾਂ ਰਾਏਪੁਰ ਪੁਲਿਸ ਨੇ ਧੋਖਾਧੜੀ ਵਿੱਚ ਸ਼ਾਮਲ ਇਮਰਾਨ ਪਾਸ਼ਾ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਪੁਡੂਚੇਰੀ ਸਾਈਬਰ ਕ੍ਰਾਈਮ ਬ੍ਰਾਂਚ ਪੁਲਸ ਨੇ ਮੰਗਲਵਾਰ, 25 ਫਰਵਰੀ 2025 ਨੂੰ ਕੋਇੰਬਟੂਰ ਵਿੱਚ ਲੁਕੇ ਹੋਏ ਨਿਤੀਸ਼ ਜੈਨ ਅਤੇ ਅਰਵਿੰਦ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਪੁਡੂਚੇਰੀ ਲਿਆਂਦਾ ਗਿਆ ਅਤੇ ਬੁੱਧਵਾਰ, 26 ਫਰਵਰੀ, 2025 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਕੋਲੋਂ ਮੋਬਾਈਲ ਫੋਨ ਸਮੇਤ ਮਹੱਤਵਪੂਰਨ ਸਬੂਤ ਜ਼ਬਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਪੁਲਸ ਇਸ ਘੁਟਾਲੇ ਵਿੱਚ ਸ਼ਾਮਲ ਹੋਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।

# ਵਿਸ਼ਾ ਇੱਕ ,ਪਹਿਲੂ ਅਨੇਕ



ਬਾਬਤ ਵਿਸ਼ਾ ਵਸਤੂ:-

ਪਿਛਲੇ ਕੁਝ ਸਮੇਂ ਤੋਂ ਅਮਰੀਕਾ ਪੂਰੇ ਜ਼ੋਰਾਂ ਸ਼ੋਰਾਂ ਨਾਲ, ਗ਼ੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਪ੍ਰਵਾਸੀਆਂ ਨੂੰ, ਉਨਾਂ ਦੇ ਵਤਨਾਂ ਵੱਲ ਧੱਕਣ ਲੱਗਿਆ ਹੋਇਆ ਹੈ । ਇੱਕ ਵਾਰੀ ਵਿੱਚ ਤਿੰਨ ਤਿੰਨ ਜਹਾਜ਼ , ਇੱਕ ਪਿੱਛੋਂ ਇੱਕ ਭਾਰਤ ਵਿੱਚ ਪਹੁੰਚ ਰਹੇ ਹਨ। ਮੈਂ ਆਪਣੇ ਪੰਜਾਬ ਦੀ ਗੱਲ ਕਰਦੀ ਹਾਂ । ਕੁਝ ਸੂਚਨਾ ਅਦਾਰਿਆਂ ਦਾ ਕਹਿਣਾ ਹੈ ,ਕਿ ਇਹ ਪ੍ਰਕਿਰਿਆ ਤਾਂ ਬਹੁਤ ਦੇਰ ਤੋਂ ਚੱਲ ਰਹੀ ਹੈ,ਪਰ ਪਤਾ ਹੁਣ ਲੱਗਾ ,ਜਦੋਂ ਤੋਂ ਟਰੰਪ ਸਰਕਾਰ ਨੇ ਆਪਣੀ ਤਾਕਤ ਨੂੰ ਇਨਾਂ ਪ੍ਰਵਾਸੀਆਂ ਨੂੰ ਕੜੀਆਂ ਤੇ ਬੇੜੀਆਂ ਵਿੱਚ ਜਕੜ ਕੇ, ਖਤਰਨਾਕ ਮੁਜਰਿਮਾਂ ਵਾਂਗ ਲੱਗਭੱਗ ਵੀਹ ਘੰਟੇ ਦੀ ਉਡਾਨ ਰਾਹੀਂ , ਜਰੂਰੀ ਕਿਰਿਆਵਾਂ ਤੋਂ ਅਵਾਜ਼ਾਰ ਕਰਕੇ ,ਡਿਕਟੇਟਰ ਤਰੀਕੇ ਨਾਲ ਭੇਜਿਆ ਗਿਆ ।ਲਾਹਨਤ ਵਾਲੀ ਗੱਲ ਇਹ ਹੈ ਕਿ ਇਸ ਪ੍ਰਕਿਰਿਆ ਦੇ ਸ਼ੁਰੂਆਤੀ ਦੌਰ ਵਿੱਚ ਹੀ ਆਪਣੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਨਰਿੰਦਰ ਮੋਦੀ , ਟਰੰਪ ਨੂੰ ਉਨਾਂ ਦੇ ਚੋਣਾਂ ਦੀ ਕਾਮਯਾਬੀ ਦੀ ਵਧਾਈ ਵੀ ਦੇਣ ਗਏ, ਪਰ ਇਨ੍ਹਾਂ ਦੀ ਇਨੀ ਜੁਰਅਤ ਨਹੀਂ ਪਈ , ਕਿ ਉਹ ਆਪਣੇ ਦੋਸਤ,ਟਰੰਪ ਨੂੰ ਹੱਥਕੜੀਆਂ ਤੇ ਬੇੜੀਆਂ ਦੀ ਵਰਤੋਂ ਕਰਨ ਤੋਂ ਮਨ੍ਹਾ ਕਰ ਸਕਦੇ । ਹੋ ਸਕਦਾ ਹੈ ਇਨ੍ਹਾਂ ਪ੍ਰਵਾਸੀਆਂ ਨੇ ਕੋਈ ਜੁਰਮ ਕੀਤੇ ਹੋਣਗੇ,ਉਨਾਂ ਲਈ ਇਹ ਬੰਧਨ ਲਾਜ਼ਮੀ ਸਨ, ਪਰ ਕੀ ਸਾਰੇ ਵਾਪਸ ਭੇਜੇ ਪ੍ਰਵਾਸੀ ਭਾਰਤੀਆਂ ਨੇ ਵੱਡੇ ਜ਼ੁਰਮ ਕੀਤੇ ਸਨ ?

ਦੁਖਦੀ ਰਗ :-

ਬਹੁਤ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਹਰ ਪ੍ਰਵਾਸੀ ,ਭਾਵੇਂ ਉਹ ਦੋ ਨੰਬਰ ਚ' , ਡੌਂਕੀ ਰਾਹੀਂ, ਹਜ਼ਾਰਾਂ ਤਸੀਹੇ ਸਹਿਕੇ ,ਭੁੱਖਣ ਭਾਣਾ ਰਹਿਕੇ ,ਜੰਗਲਾਂ,ਪਹਾੜਾਂ,ਬਰਫ਼ਾਂ ,ਜੰਗਲੀ ਜਾਨਵਰਾਂ, ਦੇ ਖ਼ਤਰੇ ਝੱਲਦੇ ਹੋਏ,ਏਜੰਟਾਂ ਦੇ ਦੁਰਵਿਹਾਰ, ਉਨਾਂ ਦੁਆਰਾ ਠੱਗੀ ਤੇ ਜ਼ਮੀਨ,ਜ਼ੇਵਰ ਵੇਚਕੇ, ਪੰਜਾਹ ਸੱਠ ਲੱਖ ਕਰਜ਼ਾ ਚੁੱਕ ਕੇ ,ਵੀਹ ਫੁੱਟ ਉੱਚੀ ਕੰਧੀ ਟੱਪਣ ਤੋਂ ਬਾਅਦ ਵੀ ਜਾਨ ਦਾ ਖਤਰਾ ਮੁੱਲ ਲੈ ਕੇ ਅਮਰੀਕਾ ਪਹੁੰਚਿਆ ਹੋਵੇ । ਇਸਦਾ ਇਹ ਮਤਲਬ ਨਹੀਂ ਕਿ ਉਥੇ ਪਹੁੰਚਦੇ ਸਾਰ ਹੀ ਸਭ ਆਸਾਨ ਹੋ ਜਾਂਦਾ ਹੈ , ਉਥੋਂ ਦੀਆਂ ਸਰਕਾਰਾਂ ਨੇ ਰੈੱਡ ਕਾਰਪੈੱਟ ਵਿਛਾਇਆ ਹੁੰਦਾ ਹੈ ਕਿ ਆਓ ਜੀ ,ਤਖ਼ਤ ਤੇ ਵਿਰਾਜੋ,ਅਸੀਂ ਆਪ ਜੀ ਦਾ ਹੀ ਸਵਾਗਤ ਕਰਨ ਲਈ ਇੰਤਜ਼ਾਰ ਕਰ ਰਹੇ ਸੀ ਤੇ ਕੁਝ ਦਿਨ ਥਕਾਵਟ ਲਾਹੁਣ ਤੋਂ ਬਾਅਦ, ਆਪ ਜੀ ਅੱਗੇ ਤਰਾਂ ਤਰਾਂ ਦੇ ਉਚੇ ਅਹੁਦਿਆਂ ਦੀ ਲਿਸਟ ਪੇਸ਼ ਕੀਤੀ ਜਾਵੇਗੀ ਤੇ ਆਪ ਉਨਾਂ ਵਿੱਚੋਂ ਆਪਣੇ ਯੋਗ ਅਹੁਦਾ ਚੁਣਕੇ, ਸਾਨੂੰ ਕਰਿਤਿਆਰਥ ਕਰਿਓ । ਸਗੋਂ ਇਸ ਤੋਂ ਉਲਟ ,ਪਲ ਪਲ ਫੜੇ ਜਾਣ ਦਾ ਡਰ, ਲੁਕ ਲੁਕ ਕੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਹੋਰ ਵੀ ਚੁਨੌਤੀਆਂ ਨਾਲ ਹਰ ਪਲ ਦੋ ਚਾਰ ਹੋਣਾ ਪੈਂਦਾ ਹੈ, ਪਲ ਪਲ ਮਰਨਾ ਤੇ ਜੀਣਾ ਪੈਂਦਾ ਹੈ, ਹਰ ਘੜੀ ਡਰ ਦੇ ਸਾਏ ਹੇਠ ਡੰਗ ਟਪਾਉਣਾ ਪੈਂਦਾ ਹੈ।ਇਸ ਤੋਂ ਅੱਗੇ,ਅਸਾਇਲਮ ਲੈਣਾ,ਕੋਰਟ ਕੇਸ ਲੜਨੇ ਇਤਿਆਦਿ ਅਨੇਕ ਯਾਤਨਾਵਾਂ ਝੱਲਣੀਆਂ ਪੈਂਦੀਆਂ । ਏਨੇ, ਤੋਂ ਬਾਅਦ ਵੀ ਗਰੀਨ ਕਾਰਡ ਪਤਾ ਨਹੀਂ ਕਦੋਂ ਮਿਲ ਸਕਦਾ ਹੈ ਤੇ ਜੀਵਨ ਨੂੰ ਥੋੜੀ ਜਿਹੀ ਟਿਕਾਈ ਮਿਲਦੀ ਹੈ ਜਾਂ ਜੇਲ੍ਹ ਦੀਆਂ ਸਲਾਖਾਂ ਇੰਤਜ਼ਾਰ ਕਰ ਰਹੀਆਂ ਹੁੰਦੀਆਂ ਹਨ ।

ਕਾਨੂੰਨ ਦੀ ਕੁਤਾਹੀ :--

ਜਦੋਂ ਇਹ ਗੈਰ ਕਾਨੂੰਨੀ ਢੰਗ ਦਾ ਪਰਵਾਸ ਧੜੱਲੇ ਨਾਲ ਹੋ ਰਿਹਾ ਸੀ , ਕੀ ਅਮਰੀਕਾ ਸਰਕਾਰ ਨੂੰ ਪਤਾ ਨਹੀਂ ਸੀ , ਕੀ ਉਹ ਸੁੱਤੀ ਪਈ ਸੀ ? ਜੀ ਨਹੀਂ , ਅਸਲ ਵਿੱਚ ਸਰਕਾਰ ਸਭ ਜਾਣਦੀ ਸੀ, ਬੱਸ ਸਮੇਂ ਦੇ ਰਾਜਨੇਤਾ ਵੱਡੇ ਕੰਮ ਨੂੰ ਹੱਥ ਪਾਕੇ , ਵਾਧੂ ਪਰੈਸ਼ਰ ਨਹੀਂ ਲੈਣਾ ਚਾਹੁੰਦੇ ਸਨ, ਉਨਾਂ ਨੂੰ ਕੰਮ ਕਰਨ ਵਾਲੇ ਮਿਹਨਤੀ ਲੋਕ ਚਾਹੀਦੇ ਸਨ ਤੇ ਉਹ ਆਸਾਨੀ ਨਾਲ , ਘੱਟ ਪੈਸਿਆਂ ਵਿੱਚ ਮਿਲੀ ਜਾਂਦੇ ਸਨ। ਹੁਣ ਬਹੁਤ ਸਾਰਾ ਕੰਮ A. I. ਨੇ ਸੰਭਾਲ ਲਿਆ ਸੀ ਤੇ ਮੈਨਪਾਵਰ ਦੀ ਲੋੜ ਘਟ ਜਾਣ ਕਾਰਣ ,ਇਹ ਲੋਕ ਵਾਧੂ ਤੇ ਮਾੜੇ ਮੋਟੇ ਗਲਤ ਕੰਮ ਕਰਨ ਵਾਲੇ ਵੀ ਕ੍ਰਿਮਿਨਲ ਲੱਗਣ ਲੱਗ ਪਏ । ਹੁਣ ਸਰਕਾਰ ਨੂੰ ਇਨਾਂ ਵਾਧੂ ਲੋਕਾਂ ਨਾਲ ਕਾਨੂੰਨੀ ਲੜਾਈ ਵਿੱਚ ਪੈਣ ਤੇ ਲੰਬੇ ਲੰਬੇ ਕੇਸਾਂ ਵਿੱਚ ਮੱਥਾ ਪੱਚੀ ਕਰਨ ਦੀ ਬਜਾਏ ਇਹੀ ਡਿਕਟੇਟਰਸ਼ਿਪ ਵਾਲਾ ਰੱਵਈਆ ਠੀਕ ਲੱਗਿਆ।ਉਸਨੂੰ ਇਨਾਂ ਦੀ ਗੈਰ ਕਾਨੂੰਨੀ ਪਰਵਾਸ ਵਾਲੀ ਦੁਖਦੀ ਰਗ ਦਾ ਪਤਾ ਸੀ, ਜਿਸਦਾ ਕਿ ਉਨਾਂ ਇਸ ਢੰਗ ਨਾਲ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਿੱਚੋਂ ਕੱਢਣ ਦਾ ਸਭ ਤੋਂ ਵਧੀਆ ਤਰੀਕਾ ਜਾਣ ਕੇ ਵਰਤਣਾ ਸ਼ੁਰੂ ਕਰ ਲਿਆ। ਜਦੋਂ ਕਿ ਅਮਰੀਕੀ ਸਰਕਾਰਾਂ ,ਸ਼ੁਰੂ ਤੋਂ ਹੀ ਇਸ ਗ਼ੈਰਕਾਨੂੰਨੀ ਪਰਵਾਸ ਬਾਰੇ ਚੰਗੀ ਤਰ੍ਹਾਂ ਵਾਕਿਫ ਸਨ ਤੇ ਜੇ ਇਹ ਉਦੋਂ ਹੀ ਕਾਨੂੰਨੀ ਸਖ਼ਤੀ ਅਮਲੀ ਤੌਰ ਤੇ ਵਰਤਦੇ ਤਾਂ ਅੱਜ ਇਨਾਂ ਬੇਇੱਜ਼ਤ ਕਰਕੇ ਭੇਜੇ ਗਏ ਸਾਡੇ ਲੋਕਾਂ ਨੂੰ, ਆਰਥਿਕ , ਸਮਾਜਿਕ ਤੇ ਮਾਨਸਿਕ ਨੁਕਸਾਨ ਨਾ ਸਹਿਣਾ ਪੈਂਦਾ ਤੇ ਹਰ ਬਾਸ਼ਿੰਦਾ ਆਪਣੇ ਵਤਨ ਘੱਟੋ ਘੱਟ ਇਨੀ ਜਿੱਲਤ ਨਾਲ, ਆਪਣਿਆਂ ਵਿੱਚ ਤਾਂ ਨਾ ਪਰਤਦਾ, ਇਸ ਦੁਖਦਾਈ ਤਰੀਕੇ ਨਾਲ ਪਰਤਣ ਵਾਲਾ ਆਪਣੀ, ਇੱਜ਼ਤ ਦੀ ਰੋਟੀ ਦਾ ,ਆਪਣੇ ਹੀ ਵਤਨ ਵਿੱਚ ਪੱਕਾ ਠੌਹਰ ਬਣਾ ਚੁੱਕਾ ਹੁੰਦਾ ਤੇ ਹੁਣ ਵਾਲੀ ਜਿੱਲਤ ਦੀ ਜ਼ਿੰਦਗੀ ਦਾ ਮੂੰਹ ਨਾ ਦੇਖਦਾ ।

ਬਾਹਰਲੇ ਤੇ ਵਿਕਸਿਤ ਦੇਸ਼ਾਂ ਦੀ ਤਾਂਘ ਤੇ ਖਿੱਚ ਦੇ ਕਾਰਣ ;-

ਉਪਰੋਕਤ ਹੋ ਰਹੀ ,ਜਵਾਨੀ ਦੀ ਦੁਰਦਸ਼ਾ ਵਿੱਚ ਮਾਤਾ ਪਿਤਾ ਦਾ, ਸਭ ਤੋਂ ਵੱਡਾ ਯੋਗਦਾਨ ਹੈ। ਪੈਸੇ ਦਾ ਲਾਲਚ, ਵਧੀਆ ਆਰਾਮ ਦਾਰ ਜ਼ਿੰਦਗੀ ਦੇ ਸੁਪਨੇ (ਜਿਹੜੀ ਉਨਾਂ ਆਪਣੇ ਅੱਖੀਂ ਨਹੀਂ ਦੇਖੀ, ਸਿਰਫ ਫੁਕਰਿਆਂ ਤੇ ਠੱਗ ਏਜੰਟਾਂ ਤੋਂ ਸੁਣੀ ਹੈ )। ਇਸਦੇ ਨਾਲ ਹੀ ਬੱਚਿਆਂ ਵਿੱਚ ਵੀ ਆਮ ਜਨਤਾ, ਸ਼ਰੀਕਾਂ ਤੇ ਵਿਦੇਸ਼ਾਂ ਵਿੱਚ ਗਏ ਲੋਕਾਂ ਵੱਲੋਂ ਆਪਣੀਆਂ ਮਨਘੜ੍ਹਤ ਮੌਜਾਂ ਬਾਰੇ ਵਧਾ ਚੜਾ ਕੇ ਵਖਿਆਨ ਕਰਨਾ ਤੇ ਪਿੱਛੇ ਰਹਿ ਰਹਿਆਂ ਨੂੰ ਨੀਚਾ ਦਿਖਾਉਣਾ ,ਵੀ ਬਾਹਰ ਜਾਣ ਦੀ ਖਿੱਚ ਵਿੱਚ ਵੱਡਾ ਯੋਗਦਾਨ ਪਾਉਂਦੀਆਂ ਹਨ। ਉਦਾਹਰਣ ਦੇ ਤੌਰ ਤੇ, ਕਈ ਤਾਂ ਵਿਦੇਸ਼ੋਂ ਪਰਤੇ ਏਡੀਆਂ ਲੰਬੀਆਂ ,ਲੰਬੀਆਂ ਛੱਡਦੇ ਹਨ ਕਿ ਹਕੀਕਤ ਉਨ੍ਹਾਂ ਤੋਂ ਕੋਹਾਂ ਦੂਰ ਹੁੰਦੀ ਹੈ , ਜਿਵੇਂ ਖੇਤਾਂ ਵਿੱਚ ਫਲ, ਸਬਜ਼ੀਆਂ ਤੋੜਨ ਦੀ ਮਜ਼ਦੂਰੀ ਕਰਨ ਵਾਲਾ ਆਪਣੇ ਆਪ ਨੂੰ ਖੇਤਾਂ ਦਾ ਮਾਲਕ ਕਹਿੰਦਾ ਹੈ ਤੇ ਪੈਟਰੋਲ ਪੰਪ ਤੇ ਕੰਮ ਕਰਨ ਵਾਲਾ , ਆਪਣੇ ਆਪ ਨੂੰ ਪੈਟ੍ਰੋਲ ਪੰਪ ਦਾ ਮਾਲਕ ਦੱਸਦਾ ਹੈ।ਨਕਲੀ ਤੇ ਮੋਟੀਆਂ ਮੋਟੀਆਂ ਗਲੇ ਵਿੱਚ ਪਾਈਆਂ ਚੇਨਾਂ, ਅੰਗੂਠੀਆਂ, ਫੈਂਸੀ ਗੌਗਲਸ, ਤੇ ਅਲਾਂਟੇ ਮਾਲ ਤੋਂ ਲਿਆਂਦੇ ਬਰਾਂਡਿਡ ਕਪੜੇ ਤੇ ਹੋਰ ਵਸਤੂਆਂ ਇਸ ਝੂਠੀ ਸ਼ਾਨ ਕਾਰਨ ,ਇਨਾਂ ਖੋਖਲੀ ਸ਼ਾਨੋ ਸ਼ੌਕਤ ਵਾਲੇ ਮੁਲਕਾਂ ਪ੍ਰਤੀ ਨੌਜਵਾਨ ਪੀੜ੍ਹੀ ਲਈ ਖਿੱਚ ਦਾ ਕਾਰਨ ਬਣਦੀ ਹੈ।

ਯੋਗ ਸਲਾਹ :-

ਵਰਨਣਯੋਗ ਹੈ ਕਿ ਕੁਝ ਕੁ ਬੁਧੀਜੀਵੀਆਂ ਨੂੰ ਛੱਡਕੇ, ਬਾਕੀ ਦੇ ਪੜੇ ਲਿਖੇ,ਅਨਪੜ, ਚੰਗੇ ਸਮਝਦਾਰ ਵੀ , ਉਪਰੋਕਤ ਲੋਕਾਂ ਦੀ ਮਨਸ਼ਾ ਪੜਨ ਦੀ ਬਜਾਏ, ਚੁੱਕ ਵਿੱਚ ਆਕੇ ,ਆਪਣਾ ਹੀ ਝੁਗਾ ਚੌੜ ਕਰ ਬੈਠਦੇ ਹਨ।ਅੱਜ ਦੀ ਹੋ ਰਹੀ ਬੇਕਦਰੀ ਦਾ ਸਭ ਤੋਂ ਵੱਡਾ ਕਾਰਣ ਲਾਈਲੱਗ ਸੋਚ ਹੈ। ਨਾਲ ਹੀ ਨੋਟਾਂ ਦਾ ਲਾਲਚ ਤੇ ਸਹੀ, ਕਾਨੂੰਨੀ ਤਰੀਕੇ ਨਾਲ ਤੇ ਲੰਬਾ ਰਸਤਾ ਛੱਡ ਕੇ ਸ਼ਾਰਟ ਕੱਟ ਅਪਨਾਉਣਾ।ਉਦਾਹਰਣ ਦੇ ਤੌਰ ਤੇ ਜੇ ਆਪਣੇ ਬੱਚੇ ਨੂੰ ਭਾਂਵੇ ਪਲੱਸ ਟੂ ਕਰਵਾ ਕੇ ਹੀ ਵਿਦੇਸ਼ ਭੇਜਣਾ ਹੋਵੇ , ਘੱਟੋ ਘੱਟ ਆਈਲੈੱਟਸ ਲਈ ਜ਼ਿਆਦਾ ਟਾਈਮ ਤੇ ਥੋੜਾ ਜਿਹਾ ਜ਼ਿਆਦਾ ਪੈਸਾ ਦੇ ਕੇ , ਕਾਨੂੰਨੀ ਢੰਗ ਨਾਲ ਭੇਜੋ, ਤਾਂ ਜੋ ਬੱਚਾ ਵਾਧੂ ਖ਼ਤਰੇ ਤੋਂ ਸੁਰੱਖਿਅਤ ਰਹੇ।ਇਸ ਤਰਾਂ ਉਸਨੂੰ ਆਮ ਤੌਰ ਤੇ ਹੋਣ ਵਾਲੀ ਟੈਂਸ਼ਨ ਤੋਂ ਇਲਾਵਾ ਕਿਸੇ ਤਰਾਂ ਦਾ ਡਰ ਭੈ ਨਾ ਹੋਵੇ। ਇਸਦੇ ਨਾਲ ਹੀ ਮਾਪਿਆਂ ਤੇ ਬੱਚਿਆਂ ,ਦੋਨਾਂ ਲਈ ਸਲਾਹ ਹੈ ਕਿ , ਇੱਕ ਤਾਂ ਆਇਲੈੱਟਸ ਬੈਂਡ ਲੋੜੀਂਦੇ ਲੈਣ ਤੋਂ ਬਾਅਦ ਸੋਚ ਸਮਝਕੇ, ਦੋ ਚਾਰ ਰਿਪਿਉਟਿਡ ਇਮੀਗ੍ਰੇਸ਼ਨ ਕੰਪਨੀਆਂ ਨੂੰ ਸੰਪਰਕ ਕਰਨ ਤੋਂ ਬਾਅਦ , ਆਪ ਵੀ ਆਨਲਾਈਨ ਸਭ ਕੁਝ ਚੈੱਕ ਕਰਕੇ , ਅਜਿਹੀ ਲਾਈਨ ਦਾ ਚੁਨਾਵ ਕਰੋ , ਜਿਸ ਵਿੱਚ ਅੱਗੇ ਜਾ ਕੇ ਪੱਕੇ ਹੋਣ ਦਾ ਵੀ ਰਸਤਾ ਖੁਲਾ ਹੋਵੇ। ਨਾਲੇ ਅਸੀਂ ਸਾਰੇ ਹੀ ਸਬਜ਼ੀ ਵਾਲੇ ,ਰਾਸ਼ਨ ਵਾਲੇ ਤੇ ਰਿਕਸ਼ੇ ਵਾਲੇ ਨਾਲ ਦੋ ਦੋ ਰੁਪਏ ਲਈ ਮੁੱਲ ਭਾਅ ਕਰਦੇ ਹਾਂ ,ਪਰ ਬੱਚੇ ਨੂੰ ਬਾਹਰ ਭੇਜਣ ਦੇ ਨਾਂ ਤੇ ਆਪਣੀ ਸਾਰੀ ਜ਼ਮੀਨ,ਜਾਇਦਾਦ,ਗਹਿਣੇ ਆਦਿ ਦਾਅ ਤੇ ਲਾ ਕੇ ਏਜੰਟ ਨੂੰ ਮੂੰਹ ਮੰਗਿਆ ਪੈਸਾ ਬੰਦ ਮੁੱਠੀ ਰਾਹੀਂ ਬਿਨਾਂ ਕਿਸੇ ਕਾਗਜ਼ੀ ਕਾਰਵਾਈ ਦੇ ,ਫੜਾ ਦਿੰਦੇ ਹਾਂ। ਆਪਣੀਆਂ ਮੁਟਿਆਰ ਧੀਆਂ ਭੈਣਾਂ ਨੂੰ ਇਕੱਲੀਆਂ ਤੋਰਨ ਲੱਗੇ ਜ਼ਰਾ ਵੀ ਨਹੀਂ ਸੋਚਦੇ,ਕਿ ਅੱਲੜ ਉਮਰ ਵਿੱਚ ਇਨਾਂ ਨੂੰ ਕਿਹੜੀਆਂ ਕਿਹੜੀਆਂ ਦੁਸ਼ਵਾਰੀਆਂ ਕੱਟਣੀਆਂ ਪੈ ਸਕਦੀਆਂ ਹਨ ਤੇ ਭਾਂਵੇ ਉਹ ਲੜਕਾ ਹੋਵੇ ਜਾਂ ਲੜਕੀ,ਕਦਮ ਗਲਤ ਰਸਤੇ ਤੇ ਵੀ ਚੱਲ ਸਕਦੇ ਹਨ , ਕਿਉਂਕਿ ਵਿਦੇਸ਼ ਵਿਚਲਾ ਇਕੱਲਾਪਨ ਇੱਕ ਅਭਿਸਾਪ ਹੈ। ਵਿਆਹ ਕਰਕੇ ਤੋਰਿਆ ਜਾਵੇ ਤਾਂ ਬੱਚਾ ਟੈਂਸ਼ਨ ਆਦਿ ਤੋਂ ਵੀ ਬਚਿਆ ਰਹਿੰਦਾ ਹੈ। ਥੋੜੀ ਖਾਣੀ, ਦੇਰ ਲੱਗਣੀ ਪਰ ਚਿੰਤਾ ਰਹਿਤ ਵਾਲੀ ਰੋਟੀ ਦਾ ਸਵਾਦ ਹੀ ਕਿਤੇ ਹੋਰ ਹੈ।

ਕੌਮੀ ਤੇ ਰਾਜ ਸਰਕਾਰ, ਆਮ ਜਨਤਾ,ਵਿਦਵਾਨ ,ਸਮਾਜਿਕ ਸੰਸਥਾਵਾਂ ਤੇ ਉਚਕੋਟੀ ਦੇ ਨੀਤੀਘਾੜੇ ,ਦੂਸਰੇ ਮੁਲਕ ਦੁਆਰਾ ਖੁੱਲ੍ਹੇ ਤੌਰ ਤੇ ਕੀਤੀ ਗਈ ਬੇਇੱਜ਼ਤੀ ਤੇ ਖ਼ਾਮੋਸ਼ ਕਿਉਂ ?

ਆਮ ਹੀ ਦੇਖਣ ਵਿੱਚ ਆਉਂਦਾ ਹੈ ਕਿ ਆਪਣੇ ਮੁਲਕ ਵਿਚ ਕੋਈ ਕਿਸ ਦੇ ਛੱਪੜ ਹੀ ਮਾਰ ਦੇਵੇ ਤਾਂ ਨਾਮਨਾ ਖੱਟਣ ਵਾਲਿਆਂ ਦੀ ਭੀੜ ਲੱਗ ਜਾਂਦੀ ਹੈ (ਭਾਵੇਂ ਕਾਨੂੰਨ ਹੱਥ ਵਿੱਚ ਲੈਣਾ ਕਿਤੇ ਵੀ ਸਹੀ ਨਹੀਂ )। ਤੇ ਨਿਰਦੋਸ਼ ਜਾਂ ਬੇਇੱਜ਼ਤ ਹੋਣ ਵਾਲੇ ਨੂੰ ,ਅੰਤ ਕੁਝ ਵੀ ਨਫ਼ਾ ਨਹੀਂ ਮਿਲਦਾ । ਅੱਜ ਉਹ ਰਾਜਨੀਤਿਕ ਲੋਕ,ਮੀਡੀਆ ਤੇ ਹੋਰ ਆਪਣੀਆਂ ਰੋਟੀਆਂ ਸੇਕਣ ਵਾਲੇ ਕਿਥੇ ਹਨ ? ਮਾੜੀ ਮਾੜੀ ਸਿਆਸੀ ਗੱਲ ਤੇ ਝੰਡਾ ਚੁੱਕ ਲੈਣ ਵਾਲਿਆਂ ਦੀ ਜ਼ਮੀਰ ਕਿੱਥੇ ਗਈ ,ਜਦ ਉਨਾਂ ਦੀ ਕੌਮ,ਦੇਸ਼,ਧਰਮ ਦੇ ਲੋਕਾਂ ਦੀ ਅਸਲ ਤੋਂ ਕਿਤੇ ਜ਼ਿਆਦਾ ਹੱਤਕ ਕਰਕੇ , ਤੁਹਾਡੀ ਆਪਣੀ ਧਰਤੀ ਉਤੇ , ਤੁਹਾਡੇ ਆਪਣੇ ਹੀ ਲੋਕਾਂ ਨੂੰ,ਪੈਰਾਂ ਵਿੱਚ ਬੇੜੀਆਂ ਤੇ ਹੱਥਾਂ ਵਿੱਚ ਹਥਕੜੀਆਂ ਪਾ ਕੇ ਧੜੱਲੇ ਨਾਲ ,ਬੇਖੌਫ ਦੁਤਕਾਰ ਕੇ , ਧੱਕਾ ਦੇ ਕੇ ਕੋਈ ਬਾਹਰਲਾ ਮੁਲਕ, ਛਾਤੀ ਤਾਣ ਕੇ ਚਲਾ ਜਾਵੇ । ਕੀ ਕੌਮੀ ਤੇ ਰਾਜ ਸਰਕਾਰਾਂ ਦੇ ਹੱਥ ਪੱਲੇ ਕੁਝ ਨਹੀਂ,ਐਕਸ਼ਨ ਲੈਣ ਨੂੰ ? ਕੀ ਅਜੇ ਵੀ ਉਹੀ ਗੁਲਾਮੀ ਵਾਲਾ ਰਾਜ ਹੈ , ਜਦੋਂ ਹਿੰਦੁਸਤਾਨੀਆਂ ਨਾਲ ਪਸ਼ੂਆਂ ਵਾਲਾ ਵਿਹਾਰ ਕੀਤਾ ਜਾਂਦਾ ਸੀ ? ਗੈਰਕਾਨੂੰਨੀ ਟਰੈਵਲ ਏਜੰਟਾਂ ਦੀ ਪੁੱਛ ਪੜਤਾਲ ਕਿਉਂ ਨਹੀਂ ਕੀਤੀ ਜਾ ਰਹੀ ? ਉਪਰੋਕਤ ਸਭ ਵੱਡੀਆਂ ਵੱਡੀਆਂ ਤਾਕਤਾਂ ਰੱਖਣ ਵਾਲੇ ਖਾਮੋਸ਼ ਕਿਉਂ ਹਨ ? ਜਿਨਾਂ ਨਾਲ ਇਨਾਂ ਏਜੰਟਾਂ ਨੇ ਸ਼ਰੇਆਮ ਧੱਕਾ ਕੀਤਾ, ਘੱਟੋ ਘੱਟ ਉਨਾਂ ਉੱਤੇ ਕਨੂੰਨੀ ਕਾਰਵਾਈ ਕਿਉਂ ਨਹੀਂ ਹੁੰਦੀ ਤਾਕਿ ਇਨਾਂ ਬਹੁਤ ਸਾਰੀਆਂ ਦੁਸ਼ਵਾਰੀਆਂ ਝੱਲਣ ਵਾਲਿਆਂ ਨੂੰ ਆਰਥਿਕ ਪੱਖੋਂ ਹੀ , ਕੁਝ ਤਾਂ ਰਾਹਤ ਮਿਲ ਸਕੇ।

ਤੱਤਸਾਰ:-

ਬੇਸ਼ੱਕ ਇਨਾਂ , ਅਮਰੀਕਾ ਤੋਂ ਪਰਤੇ ਨੌਜਵਾਨ , ਮੁਟਿਆਰਾਂ ਤੇ ਬਾਕੀਆਂ ਨੇ ਗਲਤੀਆਂ ਕੀਤੀਆਂ ਹਨ , ਜੋ ਕਦੇ ਵੀ ਕਰਨੀਆਂ ਨਹੀਂ ਚਾਹੀਦੀਆਂ। ਪਰ ਇਨਾਂ ਨੂੰ ਕਿਸੇ ਅਜਿਹੇ ਵੱਡੇ ਗੁਨਾਹਗਾਰ ਵਾਂਗ , ਸਮਾਜ ,ਮੀਡੀਆ ਤੇ ਸਰਕਾਰਾਂ ਵੱਲੋਂ ਇਨਾਂ ਉਛਾਲਿਆ ਜਾਂਦਾ ਹੈ ,ਤਾਂ ਜੋ ਉਹ ਨਮੋਸ਼ੀ ਨਾਲ ਹੀ ਮਰ ਜਾਣ, ਮਾਨਸਿਕ ਰੋਗੀ ਬਣ ਜਾਵੇ , ਆਤਮਹੱਤਿਆ ਕਰ ਲੈਣ ਜਾਂ ਉਮਰ ਭਰ ਗਿਲਾਨੀ ਭਰਿਆ ਜੀਵਨ ਹੀ ਜੀਂਦੇ ਰਹਿਣ ?

ਨਹੀਂ ਜੇ ਅਸੀਂ ਇੰਨਸਾਨ ਹਾਂ ਤਾਂ ,ਇਨਾਂ ਲਈ ਸੁਹਿਰਦ ਹੋਈਏ , ਇਨਾਂ ਨਾਲ ਚੜਦੀ ਕਲਾ ਦੀਆਂ ਗੱਲਾਂ ਦੀ ਸਾਂਝ ਪਾਈਏ,ਪਿੱਛਲਾ ਮਾਇਕ ਤੇ ਹਰ ਤਰਾਂ ਦੀ ਹਾਨੀ ਭੁਲਾਕੇ, ਨਵੇਂ ਸਿਰੇ ਤੋਂ ਸੁਚਾਰੂ ਜ਼ਿੰਦਗੀ ਜੀਣ ਦਾ ਉਤਸ਼ਾਹ ਭਰੀਏ , ਰੋਜ਼ਗਾਰ ਲੱਭਣ ਵਿੱਚ ਮਦਦ ਕਰੀਏ , ਢਹਿੰਦੀ ਕਲਾ ਦੀਆਂ ਗੱਲਾਂ ਨਾ ਆਪ ਕਰੀਏ,ਤੇ ਨਾ ਕਿਸੇ ਹੋਰ ਨੂੰ ਕਰਨ ਦਈਏ ।

ਸਮਾਜ ਸੇਵੀ ਸੰਸਥਾਵਾਂ ਤੇ ਕੌਂਸਲਸਲਿੰਗ ਸੰਸਥਾਵਾਂ ਨਾਲ ਇਨਾਂ ਲੋਕਾਂ ਦਾ ਰਾਬਤਾ ਬਨਾਉਣ ਵਿੱਚ ਮਦਦ ਕਰੀਏ ਤਾਂ ਜੋ ਬਾਣੀ ਦੀ ਸਾਰਥਿਕਤਾ ਨੂੰ ਵੀ ਅਮਲ ਵਿੱਚ ਲਿਆ ਸਕੀਏ , ਕਿ ਕਿਸ ਦਾ ਦੁਖ ਵਧਾਉਣ ਦੀ ਥਾਂ , ਘਟਾਉਣ ਤੇ ਜ਼ਖਮਾਂ ਤੇ ਮੱਲ੍ਹਮ ਲਾਉਣ ਦਾ ਕੰਮ ਕਰੀਏ, ਬਜਾਏ ਕਿ ਅਗਲੇ ਦੀ ਦੁਖਦੀ ਰਗ ਦਬਾ ਕੇ , ਉਸਦੇ ਦਰਦ ਵਿੱਚ ਵਾਧਾ ਕਰਕੇ ਸਵਾਦ ਲਈਏ ।


ਨਰੇਸ਼ ਕੁਮਾਰੀ ਸ਼ਰਮਾ

+02041755894



**Harcourts** Manukau Titanium Real Estate Ltd

# THINKING OF BUYING OR SELLING

## ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

## ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਤਜ਼ਰਬੇਕਾਰ ਸਲਾਹਕਾਰ

**Hardev Brar**
Sales Consultant

**M** 027 442 7338 **P** 09 277 9780
hardev.brar@harcourts.co.nz
www.manukau.harcourts.co.nz

12 Osterley Way, Manukau, Auckland 2104
PO Box 23-572, Manukau



# ਵੱਖ ਵੱਖ ਤਰ੍ਹਾਂ ਦੇ ਸੂਪ ਬਣਾਉਣ ਦੇ ਢੰਗ







## 01

### ਸ਼ਾਕਾਹਾਰੀ ਮਿੰਚੋ ਸੂਪ

(ਸਮੱਗਰੀ)

ਬਾਰੀਕ ਕੱਟੀ ਗੋਭੀ : 3/4 ਕੱਪ
ਬਾਰੀਕ ਕੱਟੇ ਟਮਾਟਰ : 1/2 ਕੱਪ
ਬਾਰੀਕ ਕੱਟੀ ਸ਼ਿਮਲਾ ਮਿਰਚ : 1/2 ਕੱਪ
ਕਾਰਨਫ਼ਲੋਰ : 1 ਚਮਚਾ
ਬਾਰੀਕ ਕੱਟੀ ਗਾਜਰ : 1/2 ਕੱਪ
ਟੋਮੈਟੋ ਸੱਸ : 2 ਚਮਚੇ
ਬਾਰੀਕ ਕੱਟੀ ਬੰਦ ਗੋਭੀ : 1/2 ਕੱਪ
ਅਜੀਨੋਮੋਟੋ : 1/2
ਚਮਚਾ
ਸੋਇਆ ਸੱਸ : 1/2
ਚਮਚਾ
ਅਦਰਕ ਬਾਰੀਕ ਕੱਟੀ ਹੋਈ : 1 ਚਮਚਾ
ਬਾਰੀਕ ਕੱਟਿਆ ਲਸ਼ਣ : 1 ਚਮਚਾ
ਨਿੰਬੂ ਦਾ ਰਸ : 2 ਚਮਚੇ
ਕੱਟਿਆ ਹਰਾ ਧਨੀਆਂ : 1 ਚਮਚਾ
ਕਾਲੀ ਮਿਰਚ : 1/4 ਚਮਚਾ

ਢੰਗ-ਤਰੀਕਾ : ਕੜਾਹੀ ਵਿਚ ਥੋੜਾ ਜਿਹਾ ਘਿਉ ਗਰਮ ਕਰੋ। ਅਦਰਕ, ਲਸ਼ਣ ਨੂੰ ਸਫ਼ੈਦ ਹੀ ਭੁੰਨੋ। ਹੁਣ ਇਸ ਵਿਚ ਅਜੀਨੋਮੋਟੋ ਤੇ ਕੱਟੀਆਂ ਹੋਈਆਂ ਸਬਜ਼ੀਆਂ ਪਾਕੇ ਹਲਕਾ ਜਿਹਾ ਭੁੰਨੋ। ਥੋੜਾ ਜਿਹਾ ਪਾਣੀ ਪਾਕੇ ਇਹਨਾਂ ਨੂੰ ਪੱਕਣ ਦੇਵੋ। ਹੁਣ ਇਸ ਵਿਚ ਟੋਮੈਟੋ ਸੱਸ, ਸੋਇਆ ਸੱਸ ਤੇ ਹਰਾ ਧਨੀਆਂ ਪਾਕੇ ਹਿਲਾਵੋ। ਨਮਕ, ਕਾਲੀ ਮਿਰਚ, ਧੋਇਆ ਹੋਇਆ ਕਾਰਨਫ਼ਲੋਰ ਪਾਕੇ ਥੋੜਾ ਚਿਰ ਪੱਕਣ ਦੇਵੋ। ਜਦੋਂ ਇਹ ਗਾੜ੍ਹਾਂ ਹੋ ਜਾਵੇ ਤਾਂ ਹੇਠਾਂ ਲਾਹ ਕੇ ਨਿੰਬੂ ਦਾ ਰਸ ਮਿਲਾਕੇ ਗਰਮਾ-ਗਰਮ ਪਰੋਸ ਦੇਵੋ।

## 02

### ਬਾਦਾਮਾਂ ਦਾ ਸੂਪ

(ਸਮੱਗਰੀ)

ਬਾਰੀਕ ਕੱਟਿਆ ਹੋਇਆ ਪਿਆਜ਼ : 1
ਬਟਰ (ਮੱਖਣ) : 1 ਚਮਚਾ
ਬਾਰੀਕ ਕੱਟਿਆ ਹੋਇਆ ਆਲੂ : 1
ਕਾਰਨਫ਼ਲੋਰ : 1 ਚਮਚਾ
ਭਿੱਜੀ ਹੋਈ ਬਾਦਾਮ ਗਿਰੀ ਛਿੱਲੀ ਹੋਈ: 15-20
ਨਮਕ, ਸਫ਼ੈਦ ਕਾਲੀ ਮਿਰਚ : ਸਵਾਦ
ਅਨੁਸਾਰ
ਦੁੱਧ : ਇਕ ਕੱਪ ਜਾਂ ਵੱਧ ਲੋੜ
ਅਨੁਸਾਰ

ਢੰਗ-ਤਰੀਕਾ : 6-7 ਬਾਦਾਮਾਂ ਦੀਆਂ ਗਿਰੀਆਂ ਨੂੰ ਲੰਬੀਆਂ ਕੱਟ ਲਵੋ। ਬਾਕੀ ਨੂੰ ਥੋੜਾ ਜਿਹਾ ਪੀਸ ਲਵੋ। ਪਿਆਜ਼ ਤੇ ਆਲੂ ਵਿਚ 2 ਕੱਪ ਪਾਣੀ ਪਾਕੇ ਕੁੱਕਰ ਵਿਚ ਇਕ ਸੀਟੀ ਲਾਕੇ ਓਬਾਲ ਲਵੋ। ਇਸਨੂੰ ਖੋਹਲਕੇ ਮਿਕਸੀ ਵਿਚ ਪਾਕੇ ਪੀਸ ਲਵੋ ਪਾਣੀ ਦੇ ਨਾਲ ਹੀ। ਫ਼ਰਾਇੰਗ ਪੈਨ ਵਿਚ ਥੋੜਾ ਜਿਹਾ ਮੱਖਣ ਗਰਮ ਕਰੋ ਅਤੇ ਕਾਰਨਫ਼ਲੋਰ ਪਾਕੇ ਹਲਕਾ ਜਿਹਾ ਭੁੰਨਕੇ ਲਾਹ ਲਵੋ। ਲਗਾਤਾਰ ਹਿਲਾਉਂਦੇ ਹੋਏ ਦੁੱਧ ਅਤੇ ਆਲੂ ਪਿਆਜ਼ ਵਾਲੀ ਪਊਰੀ () ਮਿਲਾਕੇ ਮਿਕਸ ਕਰ ਲਵੋ। ਹੁਣ ਫੇਰ 1-2 ਉਬਾਲੇ ਆ ਜਾਣ ਤੱਕ ਪਕਾਵੋ। ਨਮਕ ਤੇ ਕਾਲੀ ਮਿਰਚ ਮਿਲਾਕੇ ਸੂਪ ਨੂੰ ਬਾਊਲ ਵਿਚ ਪਾਕੇ ਪਰੋਸੋ।

## 03

### ਲੈਂਟਿਲ (ਮਸਰਾਂ ਦੀ ਦਾਲ) ਸੂਪ

(ਸਮੱਗਰੀ)

ਮਸਰਾਂ ਦੀ ਭਿੱਜੀ ਹੋਈ ਦਾਲ : 1/2 ਕਟੋਰੀ
ਸਫ਼ੈਦ ਕਾਲੀ ਮਿਰਚ ਪੀਸੀ ਹੋਈ : 1/2 ਚਮਚਾ
ਘਿਉ : 1 ਚਮਚਾ ਵੱਡਾ
ਨਿੰਬੂ ਦਾ ਰਸ : 1 ਚਮਚਾ
ਬਾਰੀਕ ਕੱਟਿਆ ਹੋਇਆ ਪਿਆਜ਼ : ਅੱਧਾ
ਕਰੀਮ : 2 ਚਮਚੇ
ਪਾਣੀ : ਥੋੜਾ ਜਿਹਾ
ਲਸ਼ਣ : ਤਿੰਨ-ਚਾਰ ਪੋਥੀਆਂ
ਮੱਖਣ : 1 ਚਮਚਾ
ਨਮਕ : ਸਵਾਦ ਅਨੁਸਾਰ

ਢੰਗ-ਤਰੀਕਾ : ਕੜਾਹੀ ਵਿਚ ਘਿਉ ਪਾਕੇ ਦਾਲ ਨੂੰ ਹਲਕਾ ਜਿਹਾ ਭੁੰਨ ਲਵੋ। ਇਸ ਵਿਚ ਪਾਣੀ, ਨਮਕ, ਲਸ਼ਣ ਪਾਕੇ ਘੁਲ ਜਾਣ ਤੱਕ ਜਾਂ ਗਲ ਜਾਣ ਤੱਕ ਉਬਾਲੋ। ਪ੍ਰੈਸ਼ਰ ਕੁੱਕਰ ਵਿਚ ਵੀ ਉਬਾਲ ਸਕਦੇ ਹੋ। ਇਸਨੂੰ ਕੱਢਕੇ ਜਾਰ ਵਿਚ ਪਾ ਲਵੋ ਅਤੇ ਪੀਸ ਲਵੋ। ਤੜਕਾ ਲਾਉਂਣ ਦੇ ਲਈ ਇਕ ਚਮਚਾ ਮੱਖਣ ਗਰਮ ਕਰੋ। ਅੱਧਾ ਚਮਚਾ ਤੇਲ ਵੀ ਪਾ ਲਵੋ। ਪਿਆਜ਼ ਪਾਕੇ ਭੁੰਨ ਲਵੋ। ਇਸ ਵਿਚ ਦਾਲ ਦਾ ਸੂਪ ਪਾ ਦੇਵੋ। ਪਰੋਸਦੇ ਸਮੇਂ ਹਰ ਇਕ ਕੱਪ ਵਿਚ ਥੋੜੀ ਜਿਹੀ ਕਾਲੀ ਮਿਰਚ, ਨਿੰਬੂ ਦਾ ਰਸ ਅਤੇ 1/4 ਚਮਚਾ ਕਰੀਮ ਪਾ ਦੇਵੋ।

## 04



### ਟੋਮੈਟੋ ਜਾਂ ਟਮਾਟਰ ਸੂਪ

(ਸਮੱਗਰੀ)

ਲਾਲ ਪੱਕੇ ਟਮਾਟਰ : 1/2 ਕਿਲੋ
ਪਿਆਜ਼ ਬਾਰੀਕ ਕੱਟਿਆ : 1
ਮੈਦਾ : 1 ਚਮਚਾ ਵੱਡਾ
ਮੱਖਣ : 1 ਚਮਚਾ
ਦੁੱਧ : 1/2 ਕੱਪ
ਨਮਕ, ਸਫ਼ੈਦ ਕਾਲੀ ਮਿਰਚ : ਸਵਾਦ ਅਨੁਸਾਰ
ਪਾਣੀ : ਇਕ ਗਲਾਸ
ਬ੍ਰੈਡ : 4 ਸਲਾਈਸ

ਢੰਗ-ਤਰੀਕਾ : ਟਮਾਟਰਾਂ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਕੱਟੋ। ਹੁਣ ਇਹਨਾਂ ਨੂੰ ਦੁੱਧ, ਪਾਣੀ ਅਤੇ ਮੈਦੇ ਦੇ ਨਾਲ ਪੀਸ ਲਵੋ। ਫੇਰ ਇਹਨਾਂ ਨੂੰ ਕੁੱਝ ਸਮਾਂ ਪੱਕਣ ਜਾਂ ਰਿੱਝਣ ਦੇਵੋ। ਇਕ ਕੜਾਹੀ ਵਿਚ ਮੱਖਣ ਗਰਮ ਕਰਕੇ ਉਸ ਵਿਚ ਪਿਆਜ਼ ਪਾਕੇ ਹਲਕਾ ਜਿਹਾ ਭੁੰਨ ਲਵੋ।

ਸੂਪ ਵਿਚ ਇਹ ਤੜਕਾ ਮਿਲਾ ਦੇਵੋ। । ਹੁਣ ਸਵਾਦ ਅਨੁਸਾਰ ਨਮਕ, ਕਾਲੀ ਜਾਂ ਭੂਰੀ ਮਿਰਚ ਸੂਪ ਵਿਚ ਮਿਲਾਕੇ ਦੋ-ਤਿੰਨ ਮਿਟ ਰਿੱਝਣ ਦੇਵੋ। ਹੁਣ ਸੂਪ ਵਿਚ ਬ੍ਰੈਡ ਦੇ ਛੋਟੇ-ਛੋਟੇ ਟੁਕੜੇ ਕਰਕੇ ਤਲ ਲੈਣ ਤੋਂ ਬਾਦ ਮਿਲਾ ਦੇਵੋ। ਗਰਮਾ-ਗਰਮ ਟਮਾਟਰ ਸੂਪ ਪਰੋਸ ਦੇਵੋ।

## 05



### ਵੈਜ਼ੀਟੇਬਲ (ਸਬਜ਼ੀ) ਸੂਪ

(ਸਮੱਗਰੀ)

ਗਾਜਰ ਕੱਟੀ ਹੋਈ : 1/2 ਕੱਪ
ਕੱਦੂ (ਘੀਆ) ਕੱਟਿਆ ਹੋਇਆ : 1 ਕੱਪ
ਆਲੂ ਕੱਟਿਆ ਹੋਇਆ : 1/2 ਕੱਪ
ਕੱਦੂਕਸ਼ (ਗ੍ਰੇਟਿਡ) ਕੀਤਾ ਪਨੀਰ : 1/2 ਕੱਪ
ਪਿਆਜ਼ ਕੱਟਿਆ ਹੋਇਆ : 1/2 ਕੱਪ
ਕੱਟਿਆ ਹੋਇਆ ਹਰਾ ਧਨੀਆਂ : 1/4 ਕੱਪ
ਮੱਖਣ : ਇਕ ਚਮਚਾ
ਟਮਾਟਰ ਕੱਟਿਆ ਹੋਇਆ : 1/2 ਕੱਪ
ਨਿੰਬੂ ਦਾ ਰਸ : ਤਿੰਨ ਚਮਚੇ
ਨਮਕ, ਕਾਲੀ ਮਿਰਚ : ਸਵਾਦ ਅਨੁਸਾਰ

ਢੰਗ-ਤਰੀਕਾ : ਸਾਰੀਆਂ ਸਬਜ਼ੀਆਂ ਨੂੰ ਬਹੁਤ ਬਾਰੀਕ ਕੱਟ ਲਵੋ। ਕੁੱਕਰ ਵਿਚ ਤਿੰਨ ਕੱਪ ਪਾਣੀ ਪਾਕੇ ਉੱਬਲਣਾ ਰੱਖ ਦੇਵੋ। ਉਬਾਲਾ ਆ ਜਾਣ ਤੇ ਸਾਰੀਆਂ ਸਬਜ਼ੀਆਂ ਅਤੇ ਮੱਖਣ ਪਾਕੇ ਸੀਟੀ ਲਗਵਾ ਲਵੋ। ਕੁੱਕਰ ਨੂੰ ਆਪਣੇ ਆਪ ਠੰਡਾ ਹੋਣ ਦੇਵੋ। ਖੋਹਲਕੇ ਕੱਟਿਆ ਹੋਇਆ ਹਰਾ ਧਨੀਆਂ, ਨਮਕ ਤੇ ਪਨੀਰ ਪਾਕੇ ਚੰਗੀ ਤਰ੍ਹਾਂ ਮਿਲਾ ਲਵੋ। ਪਰੋਸਦੇ ਸਮੇਂ ਕਾਲੀ ਮਿਰਚ ਅਤੇ ਨਿੰਬੂ ਦਾ ਰਸ ਮਿਲਾਕੇ ਸਰਵ ਕਰੋ। ਇਸ ਵਿਚ ਚਮਕ ਲਿਆਉਂਣ ਲਈ 1/2 ਛੋਟਾ ਚਮਚਾ ਕਾਰਨਫ਼ਲੋਰ ਵਿਚ 2 ਵੱਡੇ ਚਮਚੇ ਪਾਣੀ ਪਾਕੇ ਤੇ ਘੋਲਕੇ ਉਬਲਦੇ ਸੂਪ ਵਿਚ ਮਿਲਾ ਦੇਣੇ ਚਾਹੀਦੇ ਹਨ।

## 06



### ਸਵੀਟ (ਮਿੱਠਾ) ਕਾਰਨ ਸੂਪ

(ਸਮੱਗਰੀ)

ਕਾਰਨ ਦੇ ਦਾਣੇ (ਮੱਕੀ ਦੇ ਦਾਣੇ) : ਇੱਕ ਕੱਪ
ਸਫ਼ੈਦ ਕਾਲੀ ਮਿਰਚ : ਥੋੜੀ ਜਿਹੀ
ਬੀਨਸ ਬਾਰੀਕ ਕੱਟੇ ਹੋਏ : 1/4 ਕੱਪ
ਧੋਇਆ ਹੋਇਆ ਕਾਰਨਫ਼ਲੋਰ : 1 ਛੋਟਾ ਚਮਚਾ
ਗਾਜਰ ਬਾਰੀਕ ਕੱਟੀ ਹੋਈ : 1/4 ਕੱਪ
ਕਰੀਮ : ਥੋੜੀ ਜਿਹੀ
ਨਮਕ : ਸਵਾਦ ਅਨੁਸਾਰ

ਢੰਗ-ਤਰੀਕਾ : ਕਾਰਨ ਦੇ ਦਾਣੇ, ਬੀਨਸ ਤੇ ਗਾਜਰਾਂ ਨੂੰ ਪਾਣੀ ਪਾਕੇ ਉਬਾਲ ਲਵੋ। ਕੁੱਕਰ ਨੂੰ ਖੋਹਲਕੇ ਨਮਕ ਪਾ ਦੇਵੋ। ਲਗਾਤਾਰ ਹਿਲਾਉਂਦੇ ਹੋਏ ਕਾਰਨਫ਼ਲੋਰ ਦਾ ਪਾਣੀ ਮਿਲਾਵੋ। ਥੋੜਾ ਜਿਹਾ ਗਾੜ੍ਹਾ ਹੋ ਜਾਣ ਤੇ ਹੇਠਾਂ ਲਾਹ ਲਵੋ। ਸੂਪ ਬਾਊਲ ਵਿਚ ਪਾਕੇ ਸਫ਼ੈਦ ਕਾਲੀ ਮਿਰਚ ਅਤੇ ਕਰੀਮ ਪਾਕੇ ਇਸਨੂੰ ਮਹਿਮਾਨਾਂ ਸਾਹਮਣੇ ਪਰੋਸ ਦੇਵੋ।

# ਚੈਂਪੀਅਨਜ਼ ਟਰਾਫੀ 'ਚੋਂ ਪਾਕਿਸਤਾਨ ਦੇ ਬਾਹਰ ਹੋਣ ਨਾਲ ਮਚੀ ਹਾਹਾਕਾਰ




ਪਾਕਿਸਤਾਨ ਕ੍ਰਿਕਟ ਟੀਮ ਬਿਨਾਂ ਕੋਈ ਮੈਚ ਜਿੱਤੇ ਚੈਂਪੀਅਨਜ਼ ਟਰਾਫੀ ਤੋਂ ਬਾਹਰ ਹੋ ਗਈ ਹੈ। ਮੇਜ਼ਬਾਨ ਪਾਕਿਸਤਾਨ ਨੇ ਵੀਰਵਾਰ ਨੂੰ ਬੰਗਲਾਦੇਸ਼ ਖਿਲਾਫ ਮੁਕਾਬਲਾ ਖੇਡਣਾ ਸੀ ਪਰ ਮੀਂਹ ਕਾਰਨ ਇਹ ਮੁਕਾਬਲਾ ਰੱਦ ਹੋ ਗਿਆ।

ਰਾਸ਼ਟਰੀ ਟੀਮ ਦੇ ਬਾਹਰ ਹੋਣ ਨਾਲ ਪਾਕਿਸਤਾਨ 'ਚ ਹਾਹਾਕਾਰ ਮਚੀ ਹੋਈ ਹੈ। ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਦੇ ਰਾਜਨੀਤਕ ਅਤੇ ਜਨਤਕ ਮਾਮਲਿਆਂ ਦੇ ਸਲਾਹਕਾਰ ਰਾਣਾ ਸਨਾਉੱਲਾਹ ਨੇ ਕਿਹਾ ਕਿ ਸਰਕਾਰ ਆਈ. ਸੀ. ਸੀ. ਚੈਂਪੀਅਨਜ਼ ਟਰਾਫੀ 2025 'ਚ ਪਾਕਿਸਤਾਨ ਦੀ ਸ਼ਰਮਨਾਕ ਹਾਰ ਅਤੇ ਟੂਰਨਾਮੈਂਟ 'ਚੋਂ ਉਸ ਦੇ ਜਲਦ ਬਾਹਰ ਹੋਣ 'ਤੇ ਧਿਆਨ ਦੇਵੇਗੀ।

ਇਕ ਨਿੱਜੀ ਟੀ. ਵੀ. ਚੈਨਲ ਨਾਲ ਗੱਲਬਾਤ 'ਚ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ. ਐੱਮ. ਐੱਲ.-ਐੱਨ.) ਦੇ ਸੀਨੀਅਰ ਨੇਤਾ ਰਾਣਾ ਸਨਾਉੱਲਾਹ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਨਿੱਜੀ ਤੌਰ 'ਤੇ ਰਾਸ਼ਟਰੀ ਟੀਮ ਦੇ ਪ੍ਰਦਰਸ਼ਨ ਨੂੰ ਸੰਬੋਧਿਤ ਕਰਨਗੇ। ਕ੍ਰਿਕਟ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਉਹ ਕੈਬਨਿਟ ਅਤੇ ਸੰਸਦ 'ਚ ਮਾਮਲਾ ਉਠਾਉਣਗੇ।

ਪਾਕਿਸਤਾਨ ਲਈ ਇਹ ਜ਼ਿਆਦਾ ਨਿਰਾਸ਼ਾਜਨਕ ਰਿਹਾ ਕਿਉਂਕਿ ਉਹ 29 ਸਾਲ ਦੇ ਲੰਮੇ ਫਰਕ 'ਤੇ ਕਿਸੇ ਆਈ. ਸੀ. ਸੀ. ਟੂਰਨਾਮੈਂਟ ਦੀ ਮੇਜ਼ਬਾਨੀ ਕਰ ਰਿਹਾ ਸੀ ਅਤੇ ਉਹ ਟੂਰਨਾਮੈਂਟ ਦੇ ਪਹਿਲੇ 8 ਦਿਨਾਂ 'ਚ ਹੀ ਬਾਹਰ ਹੋ ਗਿਆ।

ਰਾਣਾ ਸਨਾਉੱਲਾਹ ਨੇ ਕਿਹਾ ਕਿ ਇਸ ਟੂਰਨਾਮੈਂਟ ਲਈ ਅਸੀਂ 12 ਤੋਂ 14 ਅਰਬ ਰੁਪਏ ਖਰਚ ਕੀਤੇ ਪਰ ਟੀਮ ਹਾਰ ਗਈ। ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਹੋਇਆ। ਦੁਨੀਆ ਕ੍ਰਿਕਟ ਖੇਡੇਗੀ ਅਤੇ ਅਸੀਂ ਤਮਾਸ਼ਾਈ ਬਣ ਗਏ ਹਾਂ। ਜਿੰਨੀ ਤਵੱਜੋਂ ਸਟੇਡੀਅਮ ਨੂੰ ਦਿੱਤੀ ਗਈ। ਓਨੀ ਹੀ ਟੀਮ ਨੂੰ ਦੇਣੀ ਚਾਹੀਦੀ ਸੀ। ਇਸ ਨਾਲ ਪੂਰਾ ਪਾਕਿਸਤਾਨ ਮਾਯੂਸ ਹੈ। ਪਾਕਿਸਤਾਨ ਦੀ ਟੀਮ ਵੈਸਟ ਇੰਡੀਜ਼ ਅਤੇ ਅਮਰੀਕਾ 'ਚ ਆਯੋਜਿਤ ਟੀ-20 ਟੂਰਨਾਮੈਂਟ ਦੇ ਲੀਗ ਰਾਊਂਡ 'ਚੋਂ ਬਾਹਰ ਹੋ ਗਈ ਸੀ। ਟੀਮ 4 'ਚੋਂ 2 ਮੈਚ ਹੀ ਜਿੱਤ ਸਕੀ। ਟੀਮ ਸੁਪਰ-8 ਰਾਊਂਡ 'ਚ ਵੀ ਜਗ੍ਹਾ ਨਹੀਂ ਬਣਾ ਸਕੀ ਸੀ। ਉਦੋਂ ਬਾਬਰ ਆਜ਼ਮ ਨੇ ਕਪਤਾਨੀ ਛੱਡ ਦਿੱਤੀ ਸੀ।

ਵਨ-ਡੇ ਵਰਲਡ ਕੱਪ 2023 : ਭਾਰਤ ਦੀ ਮੇਜ਼ਬਾਨੀ 'ਚ ਆਯੋਜਿਤ 2023 ਵਨ-ਡੇ ਵਰਲਡ ਕੱਪ ਦੇ ਪਹਿਲੇ ਰਾਊਂਡ 'ਚੋਂ ਪਾਕਿਸਤਾਨ ਟੀਮ ਬਾਹਰ ਹੋ ਗਈ। ਟੀਮ ਨੇ 9 'ਚੋਂ 4 ਲੀਗ ਮੈਚ ਜਿੱਤੇ । 5 ਮੈਚਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਉਦੋਂ ਵੀ ਬਾਬਰ ਆਜ਼ਮ ਨੂੰ ਕਪਤਾਨੀ ਤੋਂ ਹਟਾਇਆ ਗਿਆ। ਉਦੋਂ ਕੋਚ ਐਂਡ ਸਿਲੈਕਟਰਜ਼ ਨੇ ਵੀ ਅਸਤੀਫਾ ਦਿੱਤਾ ਸੀ।

ਟੀ-20 ਵਰਲਡ ਕੱਪ 2022 : ਪਾਕਿਸਤਾਨੀ ਟੀਮ ਵਿਸ਼ਵ ਕੱਪ ਦੇ ਫਾਈਨਲ 'ਚ ਪਹੁੰਚੀ ਸੀ ਪਰ ਉੱਥੇ ਉਸ ਨੂੰ ਇੰਗਲੈਂਡ ਤੋਂ ਹਾਰ ਝੱਲਣੀ ਪਈ। ਉਸ ਤੋਂ ਬਾਅਦ ਵੀ ਪੀ. ਸੀ. ਬੀ. ਚੀਫ ਨੂੰ ਅਸਤੀਫਾ ਦੇਣਾ ਪਿਆ ਸੀ।

ਚੈਂਪੀਅਨਜ਼ ਟਰਾਫੀ 2025 'ਚ ਪਾਕਿਸਤਾਨ

ਬਨਾਮ ਨਿਊਜ਼ੀਲੈਂਡ (ਪਾਕਿਸਤਾਨ 60 ਦੌੜਾਂ ਨਾਲ ਹਾਰਿਆ)

ਬਨਾਮ ਭਾਰਤ (ਪਾਕਿਸਤਾਨ 6 ਵਿਕਟਾਂ ਨਾਲ ਹਾਰਿਆ)

ਬਨਾਮ ਬੰਗਲਾਦੇਸ਼ (ਮੀਂਹ ਕਾਰਨ ਮੈਚ ਰੱਦ)

''ਅਸੀਂ ਚੰਗਾ ਪ੍ਰਦਰਸ਼ਨ ਕਰਨਾ ਚਾਹੁੰਦੇ ਸੀ ਅਤੇ ਆਪਣੇ ਦੇਸ਼ ਦੀ ਬਿਹਤਰ ਖੇਡ ਦਿਖਾਉਣਾ ਚਾਹੁੰਦੇ ਸੀ। ਸਾਥੋਂ ਉਮੀਦਾਂ ਬਹੁਤ ਜ਼ਿਆਦਾ ਸੀ ਪਰ ਅਸੀਂ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਅਤੇ ਇਹ ਸਾਡੇ ਲਈ ਨਿਰਾਸ਼ਾਜਨਕ ਹੈ। ਤੁਸੀਂ ਆਪਣੀਆਂ ਗਲਤੀਆਂ ਤੋਂ ਸਿੱਖ ਸਕਦੇ ਹੋ।''-ਮੁਹੰਮਦ ਰਿਜ਼ਵਾਨ, ਪਾਕਿਸਤਾਨ ਦੇ ਕਪਤਾਨ।

ਕਪਤਾਨ-ਕੋਚ 'ਚ ਵਿਵਾਦ ਦੀ ਵੀ ਚਰਚਾ

ਪਾਕਿਸਤਾਨ ਦੇ ਕਪਤਾਨ ਮੋਹੰਮਦ ਰਿਜ਼ਵਾਨ ਅਤੇ ਅੰਤ੍ਰਿਮ ਮੁੱਖ ਕੋਚ ਆਕਿਬ ਜਾਵੇਦ ਵਿਚਕਾਰ ਮੱਤਭੇਦ ਵਿਸ਼ੇਸ਼ ਖਿਡਾਰੀ ਚੋਣ ਤੱਕ ਵੱਧ ਗਿਆ, ਜਿਸ ਨਾਲ ਟੀਮ ਦਾ ਅੰਦਰੂਨੀ ਤਣਾਅ ਹੋਰ ਵੱਧ ਗਿਆ। ਰਿਪੋਰਟਾਂ ਅਨੁਸਾਰ, ਵਿਵਾਦ ਦਾ ਮੁੱਖ ਮੁੱਦਾ ਖੁਸ਼ਦਿਲ ਸ਼ਾਹ ਨੂੰ ਸ਼ਾਮਲ ਕਰਨ 'ਤੇ ਉੱਠਿਆ, ਜੋ ਕਥਿਤ ਤੌਰ 'ਤੇ ਰਿਜ਼ਵਾਨ ਦੇ ਪੱਖ 'ਚ ਸੀ, ਉਥੇ ਹੀ, ਆਕਿਬ ਜਾਵੇਦ ਨੇ ਫਹੀਮ ਅਸ਼ਰਫ ਦੀ ਚੋਣ ਦੀ ਪੁਰਜ਼ੋਰ ਵਕਾਲਤ ਕੀਤੀ।

ਮੰਨਿਆ ਜਾਂਦਾ ਹੈ ਕਿ ਟੀਮ ਚੋਣ ਰਣਨੀਤੀਆਂ 'ਚ ਵਿਆਪਕ ਮੱਤਭੇਦਾਂ ਦੇ ਨਾਲ ਇਸ ਅਸਹਿਮਤੀ ਨੇ ਟੀਮ ਦੇ ਤਾਲਮੇਲ 'ਚ ਰੁਕਾਵਟ ਪਾਉਣ ਅਤੇ ਪ੍ਰਦਰਸ਼ਨ 'ਤੇ ਉਲਟ ਪ੍ਰਭਾਵ ਪਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੁਹੰਮਦ ਰਿਜ਼ਵਾਨ ਮੁੱਖ ਫੈਸਲਿਆਂ 'ਤੇ ਸਲਾਹ-ਮਸ਼ਵਰੇ ਦੀ ਕਮੀ ਕਾਰਨ ਨਿਰਾਸ਼ ਦਿਸੇ। ਚੋਣ ਕਮੇਟੀ ਅਤੇ ਮੋਹੰਮਦ ਰਿਜ਼ਵਾਨ ਸਪੱਸ਼ਟ ਰੂਪ ਨਾਲ ਇਕ ਹੀ ਮਤੇ 'ਤੇ ਨਹੀਂ ਸਨ।

CHEAP CLEANING



Cheap Lawn Mowing
Gardening
House Cleaning

For Free quote call
0204915760

# ਸਟਾਰ ਭਾਰਤੀ ਕ੍ਰਿਕਟਰ ਦੀ ਭੈਣ ਦੀ Bollywood 'ਚ ਐਂਟਰੀ




ਭਾਰਤੀ ਟੀਮ ਦੇ ਸਟਾਰ ਕ੍ਰਿਕਟਰ ਸ਼੍ਰੇਅਸ ਅਈਅਰ ਇਨ੍ਹਾਂ ਦਿਨਾਂ 'ਚ ਆਈਸੀਸੀ ਚੈਂਪੀਅਨਜ਼ ਟਰਾਫੀ 2025 ਖੇਡ ਰਹੇ ਹਨ। ਟੀਮ ਇੰਡੀਆ ਆਪਣੇ ਸਾਰੇ ਮੈਚ ਦੁਬਈ 'ਚ ਖੇਡ ਰਹੀ ਹੈ।

ਇਨ੍ਹਾਂ ਸਭ ਦੇ ਵਿਚਾਲੇ ਸ਼੍ਰੇਅਸ ਅਈਅਰ ਦੀ ਭੈਣ ਸ਼੍ਰੇਸ਼ਠਾ ਸੁਰਖੀਆਂ 'ਚ ਆ ਗਈ ਹੈ।

ਉਹ ਜਲਦ ਹੀ ਇਕ ਬਾਲੀਵੁਡ ਫਿਲਮ 'ਸਰਕਾਰੀ ਬੱਚਾ' 'ਚ ਨਜ਼ਰ ਆਉਣ ਵਾਲੀ ਹੈ। ਸ਼੍ਰੇਸ਼ਠਾ ਇਸ ਫਿਲਮ 'ਚ ਇਕ ਆਈਟਮ ਸੌਂਗ ਕਰੇਗੀ। ਇਹ ਗਾਣਾ ਵੀ ਰਿਲੀਜ਼ ਕਰ ਦਿੱਤਾ ਗਿਆ ਹੈ, ਜਿਸ ਨੂੰ ਸ਼੍ਰੇਸ਼ਠਾ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਹੈ।

ਸ਼੍ਰੇਸ਼ਠਾ ਦੀ ਕਾਸਟਿੰਗ ਇਸ ਫਿਲਮ 'ਚ ਕਿਵੇਂ ਹੋਈ, ਇਸ ਬਾਰੇ ਫਿਲਮ ਦੇ ਡਾਇਰੈਕਟਰ ਦਾਨਿਸ਼ ਸਿੱਦਕੀ ਨੇ ਇਕ ਇੰਟਰਵਿਊ 'ਚ ਖੁਲਾਸਾ ਕੀਤਾ ਹੈ। ਦਾਨਿਸ਼ ਨੇ ਕਿਹਾ ਕਿ ਸਾਨੂੰ ਫਿਲਮ 'ਚ ਇਕ ਯੂਪੀ ਟਚ ਵਾਲਾ ਆਈਟਮ ਸੌਂਗ ਕਰਨਾ ਸੀ। ਇਸ ਦੇ ਲਈ ਸ਼੍ਰੇਸ਼ਠਾ ਬੈਸਟ ਸਾਬਤ ਹੋਈ।

ਇਸ ਲਈ ਉਸ ਨੂੰ ਇਸ ਦੇ ਲਈ ਕਾਸਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ਼੍ਰੇਅਸ ਅਈਅਰ ਦੀ ਭੈਣ ਸ਼੍ਰੇਸ਼ਠਾ ਇਕ ਬਿਹਤਰੀਨ ਅਤੇ ਪ੍ਰੋਫੈਸ਼ਨਲ ਡਾਂਸਰ ਹੈ। ਉਹ ਆਪਣੇ ਡਾਂਸ ਦੇ ਵੀਡੀਓ ਸ਼ੇਅਰ ਕਰਦੀ ਰਹਿੰਦੀ ਹੈ।

ਸ਼੍ਰੇਸ਼ਠਾ ਕੋਰੀਓਗ੍ਰਾਫਰ ਵੀ ਹੈ। ਉਹ ਸੋਸ਼ਲ ਮੀਡੀਆ 'ਤੇ ਵੀ ਕਾਫੀ ਐਕਟਿਵ ਰਹਿੰਦੀ ਹੈ। ਇੰਸਟਾਗ੍ਰਾਮ 'ਤੇ ਉਸ ਦੇ 1.39 ਲੱਖ ਫਾਲੋਅਰ ਹਨ।

## PM ਮੋਦੀ ਨੂੰ ਕਪੂਰ ਪਰਿਵਾਰ ਨੇ ਦਿੱਤਾ ਖ਼ਾਸ ਤੋਹਫ਼ਾ

ਕੀ ਤੁਹਾਨੂੰ ਉਹ ਲਾਲਟੈਨ ਯਾਦ ਹੈ ਜੋ ਰਾਜ ਕਪੂਰ ਨੇ 1960 ਦੀ ਆਪਣੀ ਬਲੈਕ ਐਂਡ ਵ੍ਹਾਈਟ ਕਲਾਸਿਕ ਫਿਲਮ 'ਜਿਸ ਦੇਸ਼ ਮੈਂ ਗੰਗਾ ਬਹਤੀ ਹੈ' 'ਚ ਇਸਤੇਮਾਲ ਕੀਤਾ ਸੀ? ਹੁਣ ਤੁਸੀਂ ਉਸ ਲਾਲਟੈਨ ਨੂੰ 1 ਮਾਰਚ ਨੂੰ 'ਪ੍ਰਧਾਨ ਮੰਤਰੀ ਮਿਊਜ਼ੀਅਮ' ਵਿਖੇ ਇਕ ਪ੍ਰਦਰਸ਼ਨੀ 'ਚ ਦੇਖ ਸਕਦੇ ਹੋ। ਕਪੂਰ ਪਰਿਵਾਰ ਨੇ ਦਹਾਕਿਆਂ ਤੱਕ ਲਾਲਟੈਨ ਨੂੰ ਸੰਭਾਲ ਕੇ ਰੱਖਿਆ ਅਤੇ ਹਾਲ ਹੀ 'ਚ ਰਾਜ ਕਪੂਰ ਦੇ 100ਵੇਂ ਜਨਮ ਦਿਨ ਦੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਤਾਂ ਉਨ੍ਹਾਂ ਨੇ ਇਹ ਯਾਦਗਾਰੀ ਚਿੰਨ੍ਹ ਉਨ੍ਹਾਂ ਨੂੰ ਭੇਟ ਕੀਤਾ। ਸਿਨੇਮਾ ਦੇ ਇਸ ਮਹਾਨ ਸਿਤਾਰੇ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਹੁਣ ਲਾਲਟੈਨ ਪ੍ਰਧਾਨ ਮੰਤਰੀ ਮਿਊਜ਼ੀਅਮ ਨੂੰ ਦਾਨ ਕਰ ਦਿੱਤੀ ਹੈ। ਆਉਣ ਵਾਲੀ ਇਕ ਮਾਰਚ ਨੂੰ ਪ੍ਰਦਰਸ਼ਨੀ 'ਚ ਲਾਲਟੈਨ ਨੂੰ ਦਿਖਾਇਆ ਜਾਵੇਗਾ ਤਾਂ ਕਿ ਲੋਕ ਭਾਰਤ ਦੀ ਸਭ ਤੋਂ ਮਸ਼ਹੂਰ ਫਿਲਮੀ ਹਸਤੀਆਂ 'ਚੋਂ ਇਕ ਦੀ ਵਿਰਾਸਤ ਨੂੰ ਦੇਖ ਸਕਣ ਅਤੇ ਇਸ ਰਾਹੀਂ ਰਾਜ ਕਪੂਰ ਦੇ ਜੀਵਨ ਦੀ ਇਕ ਝਲਕ ਦੇਖ ਸਕਣ। ਉਮੀਦ ਹੈ ਕਿ ਇਹ ਪ੍ਰਦਰਸ਼ਨੀ ਫਿਲਮ ਪ੍ਰੇਮੀਆਂ ਅਤੇ ਭਾਰਤ ਦੇ ਸਿਨੇਮਾ ਇਤਿਹਾਸ ਬਾਰੇ ਜਾਣਨ ਵਾਲਿਆਂ ਨੂੰ ਚੰਗੀ ਲੱਗੇਗੀ।

ਪ੍ਰਧਾਨ ਮੰਤਰੀ ਮਿਊਜ਼ੀਅਮ ਨੇ ਇਕ ਬਿਆਨ 'ਚ ਕਿਹਾ ਕਿ ਲਾਲਟੈਨ ਸਿਨੇਮਾ ਦੀ ਦੁਨੀਆ 'ਚ ਰਾਜ ਕਪੂਰ ਦੇ ਯੋਗਦਾਨ ਨੂੰ ਦਿਖਾਉਂਦੀ ਹੈ ਪਰ ਇਹ ਭਾਰਤ ਦੀ ਖੁਸ਼ਹਾਲ ਸੱਭਿਆਚਾਰਕ ਵਿਰਾਸਤ ਅਤੇ ਆਧੁਨਿਕ ਭਾਰਤ ਦੇ ਵਿਕਾਸ ਵਿਚਾਲੇ ਸੰਬੰਧ ਨੂੰ ਵੀ ਮਜ਼ਬੂਤ ਕਰਦੀ ਹੈ। ਇਸ 'ਚ ਕਿਹਾ ਗਿਆ ਹੈ ਕਿ ਲਾਲਟੈਨ ਭਾਰਤੀ ਮਨੋਰੰਜਨ 'ਤੇ ਕਪੂਰ ਪਰਿਵਾਰ ਦੇ ਪ੍ਰਭਾਵ ਦਾ ਪ੍ਰਮਾਣ ਹੈ ਅਤੇ ਫਿਲਮ ਇੰਡਸਟਰੀ 'ਤੇ ਰਾਜ ਕਪੂਰ ਦੇ ਪ੍ਰਭਾਵ ਦੀ ਯਾਦ ਦਿਵਾਉਂਦਾ ਰਹੇਗਾ। ਪਿਛਲੇ ਦਸੰਬਰ ਕਪੂਰ ਪਰਿਵਾਰ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਅਤੇ ਗੱਲਬਾਤ ਕੀਤੀ। ਰਾਜ ਕਪੂਰ ਦੀ ਧੀ ਰੀਮਾ ਕਪੂਰ ਨੇ ਰਾਜ ਕਪੂਰ ਦੀ ਸ਼ਤਾਬਦੀ ਸਮਾਰੋਹ ਮੌਕੇ ਪਰਿਵਾਰ ਨੂੰ ਮਿਲਣ ਲਈ ਆਪਣਾ ਸਮਾਂ ਕੱਢਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ ਸੀ।

ਰੀਮਾ ਕਪੂਰ ਨੇ ਉਦੋਂ ਰਾਜ ਕਪੂਰ ਦੀ ਫਿਲਮ ਦੇ ਇਕ ਗੀਤ ਦੀਆਂ ਕੁਝ ਲਾਈਨਾਂ ਵੀ ਸੁਣਾਈਆਂ ਸਨ ਅਤੇ ਕਿਹਾ ਸੀ ਕਿ ਪੂਰਾ ਭਾਰਤ ਪ੍ਰਧਾਨ ਮੰਤਰੀ ਮੋਦੀ ਵਲੋਂ ਕਪੂਰ ਪਰਿਵਾਰ ਨੂੰ ਦਿੱਤੇ ਗਏ ਪਿਆਰ ਅਤੇ ਸਨਮਾਨ ਨੂੰ ਦੇਖੇਗਾ।

## ਪੰਜਾਬੀ ਅਦਾਕਾਰ ਕਰਮਜੀਤ ਅਨਮੋਲ ਦੇ ਗੰਨਮੈਨ ਨਾਲ ਹੋ ਗਿਆ ਵੱਡਾ ਕਾਂਡ




ਜਲੰਧਰ - ਪੰਜਾਬ ਦਾ ਮਸ਼ਹੂਰ ਅਦਾਕਾਰ ਤੇ ਸਿਆਸਤਦਾਨ ਕਰਮਜੀਤ ਅਨਮੋਲ ਨਾਲ ਸਬੰਧਤ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਉਨ੍ਹਾਂ ਦੇ ਗੰਨਮੈਨ ਸਰਬਪ੍ਰੀਤ ਸਿੰਘ ਨੂੰ ਲੁਟੇਰਿਆਂ ਨੇ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ ਤੇ ਉਸ ਦੀ ਕਾਰ ਖੋਹ ਕੇ ਫਰਾਰ ਹੋ ਗਏ।

ਜਾਣਕਾਰੀ ਅਨੁਸਾਰ ਸਰਬਪ੍ਰੀਤ ਸਿੰਘ ਆਪਣੀ ਆਈ-20 ਕਾਰ 'ਚ ਚੰਡੀਗੜ੍ਹ ਤੋਂ ਆਪਣੇ ਘਰ ਪਟਿਆਲਾ ਵੱਲ ਆ ਰਿਹਾ ਸੀ। ਇਸ ਦੌਰਾਨ ਜਦੋਂ ਉਹ ਲਾਂਡਰਾਂ ਦੇ ਮਜਾਤ ਇਲਾਕੇ ਨੇੜੇ ਪੁੱਜਾ ਤਾਂ ਲੁਟੇਰਿਆਂ ਨੇ ਪਹਿਲਾਂ ਉਸ ਨੂੰ ਘੇਰਿਆ ਤੇ ਫ਼ਿਰ ਬੰਦੂਕ ਦੀ ਨੋਕ 'ਤੇ ਉਸ ਦੀ ਕਾਰ ਖੋਹ ਕੇ ਫਰਾਰ ਹੋ ਗਏ।

ਲੁਟੇਰਿਆਂ ਨੇ ਸਰਬਪ੍ਰੀਤ ਨਾਲ ਕੁੱਟਮਾਰ ਕਰ ਕੇ ਉਸ ਨੂੰ ਜ਼ਖ਼ਮੀ ਵੀ ਕੀਤਾ, ਜਿਸ ਨੂੰ ਹੁਣ ਖੰਨਾ ਦੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਹ ਇਲਾਜ ਅਧੀਨ ਹੈ।

## ਭੋਲੇਨਾਥ ਦੇ ਦਰਬਾਰ ਪਹੁੰਚੀ ਹਿਮਾਂਸ਼ੀ ਖੁਰਾਣਾ, ਸਾਂਝੀਆਂ ਕੀਤੀਆਂ ਤਸਵੀਰਾਂ



ਮਹਾਸ਼ਿਵਰਾਤਰੀ ਦਾ ਤਿਉਹਾਰ ਜਿਹੜਾ ਕਿ ਭਗਵਾਨ ਸ਼ੰਕਰ ਜੀ ਦਾ ਪਿਆਰਾ ਅਤੇ ਸਰਵਉੱਤਮ ਦਿਨ ਮੰਨਿਆ ਜਾਂਦਾ ਹੈ। ਇਸ ਦਾ ਵਰਤ ਫੱਗਣ ਮਹੀਨੇ ਦੇ ਪਹਿਲੇ ਪੱਖ ਦੀ ਚੌਦਸ ਨੂੰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਸ਼ੰਕਰ ਇਸ ਦਿਨ ਦੇਸ਼ ਦੇ ਸਭ ਸ਼ਿਵਲਿੰਗਾਂ 'ਚ ਪ੍ਰਵੇਸ਼ ਕਰਦੇ ਹਨ, ਇਸ ਦਿਨ ਹਰ ਥਾਂ 'ਤੇ ਸ਼ਿਵ ਮੰਦਿਰਾਂ 'ਚ ਭਗਵਾਨ ਸ਼ਿਵ ਜੀ ਦੀ ਪੂਜਾ ਕੀਤੀ ਜਾਂਦੀ ਹੈ। ਸ਼ਿਵਰਾਤਰੀ ਦਾ ਇਹ ਦਿਹਾੜਾ ਪ੍ਰਾਣੀਆਂ 'ਤੇ ਦਇਆ ਭਾਵ ਰੱਖਣ ਦੇ ਸਿਧਾਂਤਾ ਨੂੰ ਸਮਝਣ ਲਈ ਬੜੇ ਹੀ ਮਹੱਤਵ ਦਾ ਦਿਨ ਹੈ। ਹਾਲ ਹੀ 'ਚ ਅਦਾਕਾਰਾ ਤੇ ਮਾਡਲ ਹਿਮਾਂਸ਼ੀ ਖੁਰਾਣਾ ਨੇ ਸ਼ਿਵਰਾਤਰੀ ਮੌਕੇ ਆਪਣੇ ਸੋਸ਼ਲ ਮੀਡੀਆ 'ਤੇ ਕੁਝ ਤਸਵੀਰਾਂ ਪੋਸਟ ਕੀਤੀਆਂ ਹਨ, ਜਿਨ੍ਹਾਂ 'ਚ ਉਹ ਭੋਲੇਨਾਥ ਦੇ ਦਰਬਾਰ 'ਚ ਹਾਜ਼ਰੀ ਲਾਉਂਦੀ ਨਜ਼ਰ ਆ ਰਹੀ ਹੈ। ਇਨ੍ਹਾਂ ਤਸਵੀਰਾਂ 'ਚ ਉਹ ਭੋਲੇਨਾਥ ਜੀ ਦੀ ਭਗਤੀ 'ਚ ਲੀਨ ਨਜ਼ਰ ਆ ਰਹੀ ਹੈ।







## ਮਸ਼ਹੂਰ ਅਦਾਕਾਰ ਦਾ ਹੋਇਆ ਦਿਹਾਂਤ, ਇੰਡਸਟਰੀ 'ਚ ਸੋਗ ਦੀ ਲਹਿਰ



ਮੁੰਬਈ- ਫਿਲਮ ਇੰਡਸਟਰੀ ਤੋਂ ਬੁਰੀ ਖ਼ਬਰ ਆ ਰਹੀ ਹੈ। ਮਸ਼ਹੂਰ ਅਦਾਕਾਰ Uttam Mohanty ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦਾ ਦਿਹਾਂਤ ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਲਈ ਇੱਕ ਡੂੰਘਾ ਸਦਮਾ ਹੈ। ਰਿਪੋਰਟਾਂ ਅਨੁਸਾਰ, ਅਦਾਕਾਰ ਲੰਬੇ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਉਨ੍ਹਾਂ ਨੇ ਉੱਥੇ ਹੀ ਆਖਰੀ ਸਾਹ ਲਿਆ।

ਮਸ਼ਹੂਰ ਉੜੀਆ ਫਿਲਮ ਅਦਾਕਾਰ Uttam Mohanty ਦਾ ਵੀਰਵਾਰ ਰਾਤ ਨੂੰ ਦਿੱਲੀ ਦੇ ਇੱਕ ਨਿੱਜੀ ਹਸਪਤਾਲ 'ਚ ਇਲਾਜ ਦੌਰਾਨ ਦਿਹਾਂਤ ਹੋ ਗਿਆ। ਇਹ ਅਦਾਕਾਰ 66 ਸਾਲਾਂ ਦੇ ਸਨ। ਰਿਪੋਰਟਾਂ ਅਨੁਸਾਰ, ਉਹ ਲੰਬੇ ਸਮੇਂ ਤੋਂ ਜਿਗਰ ਦੀ ਗੰਭੀਰ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦੀ ਹਾਲਤ ਵਿਗੜਨ ਤੋਂ ਬਾਅਦ 8 ਫਰਵਰੀ ਨੂੰ ਭੁਵਨੇਸ਼ਵਰ ਤੋਂ ਦਿੱਲੀ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਲੰਬੇ ਇਲਾਜ ਦੇ ਬਾਵਜੂਦ, ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਉਨ੍ਹਾਂ ਨੇ 27 ਫਰਵਰੀ ਦੀ ਰਾਤ ਨੂੰ ਆਖਰੀ ਸਾਹ ਲਿਆ।

Uttam Mohanty ਆਪਣੇ ਪਰਿਵਾਰ 'ਚ ਆਪਣੀ ਪਤਨੀ ਅਤੇ ਪੁੱਤਰ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਅਪਰਾਜਿਤਾ ਮੋਹੰਤੀ ਉੜੀਆ ਸਿਨੇਮਾ ਦੀ ਇੱਕ ਮਸ਼ਹੂਰ ਅਦਾਕਾਰਾ ਹੈ। ਉਨ੍ਹਾਂ ਦੇ ਪੁੱਤਰ ਬਾਬੂਸ਼ਨ ਨੂੰ ਵੀ ਉੜੀਆ ਫਿਲਮ ਇੰਡਸਟਰੀ 'ਚ ਇੱਕ ਸਫਲ ਅਦਾਕਾਰ ਵਜੋਂ ਜਾਣਿਆ ਜਾਂਦਾ ਹੈ।

ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਉਨ੍ਹਾਂ ਦੇ ਦਿਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ, "ਓਡੀਸ਼ਾ ਦੇ ਪ੍ਰਸਿੱਧ ਅਦਾਕਾਰ Uttam Mohanty ਦੇ ਦਿਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਦਾ ਦਿਹਾਂਤ ਉੜੀਆ ਫਿਲਮ ਇੰਡਸਟਰੀ ਲਈ ਇੱਕ ਵੱਡਾ ਘਾਟਾ ਹੈ। ਉਨ੍ਹਾਂ ਨੇ ਜੋ ਛਾਪ ਛੱਡੀ ਹੈ, ਉਹ ਦਰਸ਼ਕਾਂ ਦੇ ਦਿਲਾਂ 'ਚ ਹਮੇਸ਼ਾ ਰਹੇਗੀ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਹੈ ਕਿ Uttam Mohanty ਦਾ ਅੰਤਿਮ ਸੰਸਕਾਰ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ।

Uttam Mohanty ਨੇ ਆਪਣੇ ਕਰੀਅਰ ਦੀ ਸ਼ੁਰੂਆਤ 1977 'ਚ ਉੜੀਆ ਫਿਲਮ 'ਅਭਿਮਾਨ' ਨਾਲ ਕੀਤੀ ਸੀ। ਆਪਣੇ ਚਾਰ ਦਹਾਕਿਆਂ ਦੇ ਲੰਬੇ ਕਰੀਅਰ 'ਚ, ਉਨ੍ਹਾਂ ਨੇ 130 ਤੋਂ ਵੱਧ ਉੜੀਆ ਫਿਲਮਾਂ 'ਚ ਕੰਮ ਕੀਤਾ ਹੈ। ਉਨ੍ਹਾਂ ਦੀਆਂ ਕੁਝ ਮਸ਼ਹੂਰ ਫਿਲਮਾਂ ਦੀ ਗੱਲ ਕਰੀਏ ਤਾਂ ਉਹ ਹਨ 'ਨਿਝਮ ਰਾਤੀਰਾ ਸਾਥੀ', 'ਫੂਲਾ ਚੰਦਨਾ', 'ਝਿਆਤੀ ਸੀਤਾ ਪਰੀ', 'ਡੰਡਾ ਬਲੂੰਗਾ' ਆਦਿ। ਇਨ੍ਹਾਂ ਫਿਲਮਾਂ 'ਚ ਉਨ੍ਹਾਂ ਦੇ ਪ੍ਰਦਰਸ਼ਨ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਅਤੇ ਉਨ੍ਹਾਂ ਨੇ ਉੜੀਆ ਸਿਨੇਮਾ 'ਚ ਆਪਣੇ ਲਈ ਇੱਕ ਵੱਖਰੀ ਪਛਾਣ ਬਣਾਈ। ਉੜੀਆ ਸਿਨੇਮਾ ਤੋਂ ਇਲਾਵਾ, Uttam Mohanty ਨੇ ਲਗਭਗ 30 ਬੰਗਾਲੀ ਫਿਲਮਾਂ 'ਚ ਵੀ ਕੰਮ ਕੀਤਾ। ਉਨ੍ਹਾਂ ਨੇ ਇੱਕ ਹਿੰਦੀ ਫ਼ਿਲਮ 'ਨਯਾ ਜ਼ਹਾਰ' 'ਚ ਵੀ ਕੰਮ ਕੀਤਾ। ਫਿਲਮਾਂ ਤੋਂ ਇਲਾਵਾ, ਉਨ੍ਹਾਂ ਨੇ ਟੈਲੀਵਿਜ਼ਨ 'ਤੇ ਵੀ ਕੰਮ ਕੀਤਾ ਹੈ।

## ਪ੍ਰੀਤੀ ਜ਼ਿੰਟਾ ਨੇ ਕਾਂਗਰਸ 'ਤੇ ਸਾਧਿਆ ਨਿਸ਼ਾਨਾ, ਸੋਸ਼ਲ ਮੀਡੀਆ 'ਤੇ ਛਿੜਿਆ ਵਿਵਾਦ

ਮੁੰਬਈ- ਕਾਂਗਰਸ ਪਾਰਟੀ ਨੇ ਹਾਲ ਹੀ ਵਿੱਚ ਬਾਲੀਵੁੱਡ ਅਦਾਕਾਰਾ ਪ੍ਰੀਤੀ ਜ਼ਿੰਟਾ ਨੂੰ ਭਾਜਪਾ 'ਤੇ ਦੋਸ਼ ਲਗਾਉਣ ਲਈ ਨਿਸ਼ਾਨਾ ਬਣਾਇਆ ਹੈ। ਇਹ ਦੋਸ਼ ਹੈ ਕਿ ਭਾਜਪਾ ਦੇ ਲੋਕਾਂ ਨੇ ਅਦਾਕਾਰਾ ਦਾ 18 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਵਾ ਦਿੱਤਾ ਹੈ।

ਇਸ ਦੋਸ਼ ਵਿੱਚ ਕਿਹਾ ਗਿਆ ਹੈ ਕਿ ਪਾਰਟੀ ਅਦਾਕਾਰਾ ਦੇ ਸੋਸ਼ਲ ਮੀਡੀਆ ਹੈਂਡਲ ਨੂੰ ਚਲਾ ਰਹੀ ਹੈ। ਪ੍ਰੀਤੀ ਜ਼ਿੰਟਾ ਨੇ ਇਨ੍ਹਾਂ ਦੋਸ਼ਾਂ ਦਾ ਢੁਕਵਾਂ ਜਵਾਬ ਦਿੰਦੇ ਹੋਏ ਇਨ੍ਹਾਂ ਨੂੰ ਝੂਠਾ ਦੱਸਿਆ ਹੈ। ਇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਜੰਗ ਛਿੜ ਗਈ ਹੈ। ਆਓ ਜਾਣਦੇ ਹਾਂ ਇਸ ਪੂਰੇ ਮਾਮਲੇ ਬਾਰੇ।

ਕਾਂਗਰਸ ਪਾਰਟੀ ਨੇ ਭਾਜਪਾ 'ਤੇ ਅਦਾਕਾਰਾ ਪ੍ਰੀਤੀ ਜ਼ਿੰਟਾ ਦਾ 18 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਵਾਉਣ 'ਚ ਮਦਦ ਕਰਨ ਦਾ ਦੋਸ਼ ਲਗਾਇਆ ਹੈ। ਕੇਰਲ ਕਾਂਗਰਸ ਦੇ ਅਧਿਕਾਰਤ ਐਕਸ ਅਕਾਊਂਟ ਤੋਂ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਪ੍ਰੀਤੀ ਦਾ ਸੋਸ਼ਲ ਮੀਡੀਆ



ਅਕਾਊਂਟ ਭਾਜਪਾ ਵੱਲੋਂ ਹੈਂਡਲ ਕੀਤਾ ਜਾਂਦਾ ਹੈ।

ਕਾਂਗਰਸ ਵੱਲੋਂ ਲਗਾਏ ਗਏ ਇਨ੍ਹਾਂ ਦੋਸ਼ਾਂ ਦੇ ਜਵਾਬ 'ਚ, ਪ੍ਰੀਤੀ ਜ਼ਿੰਟਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣਾ ਸੋਸ਼ਲ ਮੀਡੀਆ ਅਕਾਊਂਟ ਖੁਦ ਸੰਭਾਲਦੀ ਹੈ। ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ, "ਤੁਹਾਨੂੰ ਝੂਠੀਆਂ ਖ਼ਬਰਾਂ ਫੈਲਾਉਂਦੇ ਹੋਏ ਸ਼ਰਮ ਆਉਣੀ ਚਾਹੀਦੀ ਹੈ।" ਕਿਸੇ ਨੇ ਮੇਰੇ ਲਈ ਕੁਝ ਨਹੀਂ ਕੀਤਾ ਅਤੇ ਕੋਈ ਕਰਜ਼ਾ ਮੁਆਫ਼ ਨਹੀਂ ਕੀਤਾ ਗਿਆ। ਉਸਨੇ ਅੱਗੇ ਕਿਹਾ ਕਿ ਉਸਨੇ ਜੋ ਕਰਜ਼ਾ ਲਿਆ ਸੀ, ਉਹ 10 ਸਾਲ ਪਹਿਲਾਂ ਵਾਪਸ ਕਰ ਦਿੱਤਾ ਗਿਆ ਸੀ। ਉਨ੍ਹਾਂ ਕਾਂਗਰਸ 'ਤੇ ਝੂਠੀਆਂ ਖ਼ਬਰਾਂ ਫੈਲਾਉਣ ਅਤੇ ਉਨ੍ਹਾਂ ਦੀ ਛਵੀ ਖਰਾਬ ਕਰਨ ਦਾ ਦੋਸ਼ ਲਗਾਇਆ।

ਪ੍ਰੀਤੀ ਜ਼ਿੰਟਾ ਦੇ ਕੰਮ ਦੇ ਫਰੰਟ ਦੀ ਗੱਲ ਕਰੀਏ ਤਾਂ ਉਹ ਆਪਣੇ ਅਦਾਕਾਰੀ ਕਰੀਅਰ ਵਿੱਚ ਵਾਪਸੀ ਕਰਨ ਜਾ ਰਹੀ ਹੈ। ਉਹ ਰਾਜਕੁਮਾਰ ਸੰਤੋਸ਼ੀ ਦੁਆਰਾ ਨਿਰਦੇਸ਼ਤ ਫਿਲਮ 'ਲਾਹੌਰ 1947' 'ਚ ਨਜ਼ਰ ਆਵੇਗੀ।

ਇਹ ਫਿਲਮ ਆਮਿਰ ਖਾਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣਾਈ ਜਾ ਰਹੀ ਹੈ, ਜਿਸ 'ਚ ਸੰਨੀ ਦਿਓਲ ਅਤੇ ਉਨ੍ਹਾਂ ਦੇ ਪੁੱਤਰ ਕਰਨ ਦਿਓਲ ਵੀ ਮੁੱਖ ਭੂਮਿਕਾਵਾਂ 'ਚ ਹਨ।

# ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ

## ਚਾਹ



ਇਸਦੀ ਪ੍ਰਕਿਰਤੀ ਗਰਮ ਹੈ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਗਰੀਨ ਅਤੇ ਬਲੈਕ ਚਾਹ ਦੋਵਾਂ ਦੇ ਹੀ ਲਾਭ ਇਕੋ ਜਿਹੇ ਹੁੰਦੇ ਹਨ। ਪਾਣੀ ਦੇ ਮੁਕਾਬਲੇ ਚਾਹ ਪੀਣਾ ਵਧੀਆ ਹੈ ਕਿਉਂਕਿ ਇਹ ਨਾ ਸਿਰਫ ਤਰਲ ਪਦਾਰਥ ਦੀ ਪੂਰਤੀ ਕਰਦੀ ਹੈ, ਸਗੋਂ ਐਂਟੀਆਕਸੀਡੈਂਟ (ਆਕਸੀਕਰਣ ਨਿਰੋਧਕ) ਵੀ ਹੈ। ਚਾਹ ਵਿਚ ਮੌਜੂਦ ਫਲੋਰਾਈਡ ਦੰਦਾਂ ਦੇ ਲਈ ਗੁਣਕਾਰੀ ਹੁੰਦਾ ਹੈ।

• ਚਾਹ, ਦੁੱਧ, ਚੀਨੀ ਜਾਂ ਗੁੜ ਅਵੱਸ਼ਕ ਮਾਤਰਾ ਵਿਚ ਲੈ ਕੇ ਚੰਗੀ ਤਰ੍ਹਾਂ ਉਬਾਲਦੇ ਹਨ, ਫੇਰ ਪੁਣਕੇ ਪੀਂਦੇ ਹਨ। ਇਸ ਤਰ੍ਹਾਂ ਬਣਾਈ ਗਈ ਚਾਹ ਵੱਧ ਨੁਕਸਾਨ ਕਰਦੀ ਹੈ।

• ਚਾਹ ਬਣਾਉਣ ਦਾ ਸਹੀ ਤਰੀਕਾ ਤਾਂ ਇਹ ਹੈ ਕਿ ਪਾਣੀ ਦੁੱਧ, ਚੀਨੀ ਲੋੜੀਂਦੀ ਮਾਤਰਾ ਵਿਚ ਲੈ ਕੇ ਉਬਾਲੋ। ਜਦੋਂ ਉਬਲਣ ਲੱਗੇ ਤਾਂ ਥੱਲੇ ਲਾਹ ਲਵੋ ਅਤੇ ਉਸ ਵਿਚ ਸਹੀ ਮਾਤਰਾ ਵਿਚ ਚਾਹ ਮਿਲਾਕੇ ਅੱਠ ਦਸ ਮਿੰਟ ਢਕ ਕੇ ਰੱਖੋ। ਇਸਦੇ ਬਾਦ ਪੁਣਕੇ ਕੁੱਝ ਨਾਸ਼ਤਾ ਕਰਕੇ ਪੀਉ। ਇਸ ਤਰ੍ਹਾਂ ਬਣਾਈ ਗਈ ਚਾਹ ਸਰੀਰ ਦੇ ਲਈ ਤੰਦਰੁਸਤੀ ਪ੍ਰਦਾਨ ਕਰਦੀ ਹੈ। ਚਾਹ ਨੂੰ ਵੱਧ ਸਵਾਦੀ ਬਣਾਉਣ ਦੇ ਲਈ ਪੁਦੀਨਾ, ਸੁੰਢ, ਕਾਲੀ ਮਿਰਚ, ਲੌਂਗ, ਇਲਾਇਚੀ ਵੀ ਮਿਲਾਈ ਜਾ ਸਕਦੀ ਹੈ। ਅਜਿਹੀ ਚਾਹ ਵੱਧ ਸਵਾਦੀ ਅਤੇ ਸਿਹਤ ਵਰਧਕ ਹੁੰਦੀ ਹੈ। ਚਾਹ ਬਣਾਉਣ ਦਾ ਇਕ ਢੰਗ ਇਹ ਵੀ ਹੈ ਕਿ ਪਾਣੀ ਨੂੰ ਚੰਗੀ ਤਰ੍ਹਾਂ ਉਬਾਲਕੇ ਚਾਹ ਪੱਤੀ ਪਾ ਕੇ ਥੱਲੇ ਲਾਹ ਲਵੋ ਅਤੇ ਪੁਣ ਲਵੋ। ਫੇਰ ਇਸ ਵਿਚ ਦੁੱਧ ਪਾ ਦੇਵੋ। ਚਾਹ ਤਿਆਰ ਹੈ। ਇਸਨੂੰ ਪੀਣ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਚਾਹ ਪੱਤੀ ਪਾ ਕੇ ਪਾਣੀ ਨੂੰ ਉਬਾਲਣ ਨਾਲ ਚਾਹ ਕੜਕ ਬਣਦੀ ਹੈ ਜੋ ਹਾਨੀਕਾਰਕ ਹੁੰਦੀ ਹੈ। ਇਸ ਵਿਚ ਲੋੜ ਅਨੁਸਾਰ ਚੀਨੀ (ਖੰਡ) ਜਾਂ ਗੁੜ ਮਿਲਾਇਆ ਜਾ ਸਕਦਾ ਹੈ।

• ਨਿੰਬੂ ਦੀ ਚਾਹ :

ਨਿੰਬੂ ਨੂੰ ਕੱਟਕੇ ਬਰਤਨ ਵਿਚ ਰੱਖ ਦੇਵੋ। ਫੇਰ ਚਾਹ ਦਾ ਪਾਣੀ ਪਾ ਕੇ ਪੰਜ-ਸੱਤ ਮਿੰਟ ਲਈ ਢਕ ਦੇਵੋ। ਫੇਰ ਦੁੱਧ ਤੇ ਚੀਨੀ ਮਿਲਾ ਦੇਵੋ। ਇਹ ਬਣ ਗਈ ਨਿੰਬੂ ਦੀ ਚਾਹ ਜੋ ਪੀਣ ਲਈ ਹੈ ਤਿਆਰ।

• ਜਨਣ ਪੀੜਾ :

ਚਾਹ ਵਿਚ ਕੇਸਰ ਪਾ ਕੇ ਪੀਣ ਨਾਲ ਜਣੇਪੇ ਦੇ ਦਰਦ ਘਟ ਜਾਂਦੇ ਹਨ। ਬੱਚਾ ਸੌਖ ਨਾਲ ਪੈਦਾ ਹੋ ਜਾਂਦਾ ਹੈ।

## ਲੌਂਗ



ਲੌਂਗ ਜੀਵਨ ਸ਼ਕਤੀ ਦੇ ਸੈਲਾਂ ਦਾ ਪੋਸ਼ਣ ਕਰਦਾ ਹੈ। ਇਸੇ ਕਾਰਨ ਲੌਂਗ ਟੀ. ਬੀ. ਅਤੇ ਬੁਖ਼ਾਰ ਵਿਚ ਐਂਟੀ ਬਾਇਓਟਿਕ ਦਾ ਕੰਮ ਕਰਦਾ ਹੈ। ਇਹ ਲਹੂ ਸ਼ੋਧਕ ਅਤੇ ਕੀਟਾਣੂੰ ਨਾਸ਼ਕ ਹੈ। ਲੌਂਗ ਵਿਚ ਮੂੰਹ, ਅੰਤੜੀਆਂ ਅਤੇ ਮਿਹਦੇ ਵਿਚਲੇ ਸੂਖ਼ਮ ਕੀਟਾਣੂੰਆਂ ਅਤੇ ਸੜਨ ਨੂੰ ਰੋਕਣ ਦੇ ਗੁਣ ਹਨ। ਲੌਂਗ ਪਾਚਕ, ਸਫ਼ੈਦ ਰਕਤਾਣੂੰ ਵਰਧਕ, ਸੰਨਾਯੂ ਸਿਸਟਮ ਵਿਚ ਉਤੇਜਨਾ ਅਤੇ ਚੁਸਤੀ ਪੈਦਾ ਕਰਨ ਵਾਲਾ ਹੈ। ਦੋ ਲੌਂਗ ਖਾ ਕੇ ਲੌਂਗ ਦਾ ਪਾਣੀ ਪੀਉ। ਲੌਂਗ ਦਾ ਤੇਲ ਲਗਾਉ ਜਾਂ ਲੌਂਗ ਪੀਸਕੇ ਲਗਾਉ। ਸਰੀਰ ਵਿਚ ਅਕੜਾਅ ਕਾਰਨ ਪੈਦਾ ਹੋਏ ਦਰਦ ਨੂੰ ਦੂਰ ਕਰਦਾ ਹੈ। ਲੌਂਗ-ਪਾਚਨ ਕ੍ਰਿਆ ਉਪਰ ਸਿੱਧਾ ਪ੍ਰਭਾਵ ਪਾਉਂਦਾ ਹੈ। ਭੁੱਖ ਵਧਾਉਂਦਾ ਹੈ। ਮਿਹਦੇ ਦੀ ਰਸ ਕ੍ਰਿਆ ਨੂੰ ਮਜਬੂਤ ਕਰਦਾ ਹੈ। ਪਿਸ਼ਾਬ ਵੱਧ ਲਿਆਉਂਦਾ ਹੈ। ਜਿਰਮ ਨਾਸਿਕ ਹੈ।

• ਕਿਸੇ ਵੀ ਰੂਪ ਵਿਚ ਲੌਂਗ ਨਿਯਮਤ ਸੇਵਨ ਨਾਲ ਮੂਤਰ ਵਿਕਾਰ ਦੂਰ ਹੁੰਦੇ ਹਨ। ਸਰੀਰ ਵਿਚਲੇ ਹਾਨੀਕਾਰਕ ਪਦਾਰਥ ਪਿਸ਼ਾਬ ਦੇ ਰਾਹੀਂ ਬਾਹਰ ਨਿਕਲ ਜਾਂਦੇ ਹਨ। ਪੰਜ ਲੌਂਗ ਪੀਸਕੇ ਪਾਣੀ ਨਾਲ ਹਰ ਰੋਜ ਦੋ ਵਾਰ ਫੱਕੀ ਲਵੋ। ਇਸ ਨਾਲ ਪਿਸ਼ਾਬ ਖੁੱਲਕੇ ਆਵੇਗਾ। ਮਸਾਨੇ ਤੋਂ ਮੂਤਣ ਦੁਵਾਰ ਤੱਕ ਦੀ ਸਫ਼ਾਈ ਹੋਵੇਗੀ। ਭਿੱਜੇ ਹੋਏ ਲੌਂਗਾਂ ਨੂੰ ਪੀਸ ਕੇ ਠੰਢੇ ਪਾਣੀ ਅਤੇ ਮਿਸ਼ਰੀ ਦੇ ਨਾਲ ਖਾਣ ਨਾਲ ਦਿਲ ਦੀ ਜਲਣ ਦੂਰ ਹੋ ਜਾਂਦੀ ਹੈ। ਲੌਂਗ ਵਿਚ ਅਜਿਹੀ ਸੁਗੰਧ ਹੁੰਦੀ ਹੈ ਜੋ ਮੂੰਹ ਦੀ ਦੁਰਗੰਧ ਦੂਰ ਕਰਦੀ ਹੈ। ਦੰਦਾਂ ਨੂੰ ਟੁੱਟਣ ਤੋਂ ਰੋਕਦੀ ਹੈ। ਇਸ ਲਈ ਲੌਂਗ ਦੰਦਾਂ ਦੇ ਮੰਜਣ ਵਿਚ ਪਾਇਆ ਜਾਂਦਾ ਹੈ।

• ਲੌਂਗ ਵਿਚ ਤੇਜ ਗੰਧ ਵਾਲਾ ਉਡਣਸ਼ੀਲ ਤੇਲ ਹੁੰਦਾ ਹੈ। ਇਹ ਤੇਲ ਸਲਫਰ ਡਾਈਆਕਸਾਈਡ ਅਤ ਬੈਂਜੋਇਕ ਤੇਜ਼ਾਬ ਨਾਲੋਂ ਵੱਧ ਸੁਰੱਖਿਅਤ ਤੇ ਵਧੀਆ ਹੁੰਦਾ ਹੈ। ਇਹ ਖ਼ਮੀਰ ਬਨਣ ਤੋਂ ਰੋਕਦਾ ਹੈ। ਲੌਂਗ ਵਿਚ ਸੂਖ਼ਮ ਜੀਵਣੂੰਆਂ ਨੂੰ ਮਾਰਨ ਦੀ ਸ਼ਕਤੀ ਹੁੰਦੀ ਹੈ। ਇਸ ਲਈ ਐਂਟੀਸੈਪਟਿਕ ਅਤੇ ਐਂਟੀ ਬੋਆਉਟਿਕ ਦਵਾਈਆਂ ਵਿਚ ਲੌਂਗ ਦੀ ਵਰਤੋਂ ਹੁੰਦੀ ਹੈ।

• ਲੌਂਗ ਦੇ ਤੇਲ ਵਿਚ ਅਜਿਹੇ ਤੱਤ ਹੁੰਦੇ ਹਨ ਜੋ ਲਹੂ ਸੰਚਾਰ ਨੂੰ ਸਥਿਰ ਰੱਖਦੇ ਹਨ। ਸਰੀਰ ਦੇ ਤਾਪਮਾਨ ਨੂੰ ਇਕਸਾਰ ਰੱਖਦੇ ਹਨ। ਲੌਂਗ ਦੇ ਤੇਲ ਨੂੰ ਚਮੜੀ ਉੱਪਰ ਲਾਉਣ ਨਾਲ ਉਤੇਜਿਕ ਪ੍ਰਭਾਵ ਦਿਖਾਈ ਦਿੰਦੇ ਹਨ। ਚਮੜੀ ਲਾਲ ਹੋ ਜਾਂਦੀ ਹੈ ਅਤੇ ਗਰਮੀ ਪੈਦਾ ਕਰਦੀ ਹੈ।

• ਸਰ੍ਹੋਂ ਜਾਂ ਨਾਰੀਅਲ ਦੇ ਪੰਜਾਹ ਗਰਾਮ ਤੇਲ ਵਿਚ ਚਾਰ ਬੂੰਦਾਂ ਲੌਂਗ ਦਾ ਤੇਲ ਜਾਂ ਪੰਜ ਲੌਂਗ ਬਰੀਕ ਪੀਸ ਕੇ ਮਿਲਾ ਕੇ ਮਾਲਸ਼ ਕਰੋ।

## ਰਾਈ



ਰਾਈ ਸਰ੍ਹੋਂ ਜਾਤੀ ਦਾ ਤੇਲਾਂ ਵਾਲਾ ਪੌਦਾ ਹੈ। ਇਸ ਲਈ ਰਾਈ ਅਤੇ ਸਰ੍ਹੋਂ ਦਾ ਅੰਗਰੇਜੀ ਵਿਚ ਇਕੋ ਹੀ ਨਾਮ ਹੈ-ਮਸਟਰਡ।

ਰਾਈ ਨੂੰ ਸਾਫ਼ ਕਰਨ ਦੇ ਲਈ ਇਸ ਨੂੰ ਹਲਕੇ ਗਰਮ ਪਾਣੀ ਵਿਚ ਮਿਲਾਕੇ ਹਿਲਾਵੋ। ਪਾਣੀ ਨੂੰ ਪੁਣਕੇ ਕੱਢ ਦੇਵੋ। ਰਾਈ ਨੂੰ ਸਾਫ਼ ਕੱਪੜੇ ਤੇ ਵਿਛਾਕੇ ਸੁਕਾ ਲਵੋ। ਇਸ ਨੂੰ ਕੂੰਡੇ ਵਿਚ ਪਾ ਕੇ ਦਰੜ ਲਵੋ।

ਇਸ ਨਾਲ ਛਿਲਕਾ ਉਤਰ ਜਾਵੇਗਾ। ਛਿਲਕੇ ਨੂੰ ਹਵਾ ਵਿਚ ਉਡਾ ਦੇਵੋ। ਛਿਲਕਾ ਰਹਿਤ ਹੋ ਕੇ ਹੁਣ ਰਾਈ ਸਾਫ਼ ਹੋ ਗਈ ਹੈ। ਸਾਫ਼ ਕੀਤੀ ਹੋਈ ਰਾਈ ਦੀ ਵਰਤੋਂ ਕਰਨਾ ਗੁਣਕਾਰੀ ਹੁੰਦਾ ਹੈ।

• ਫੋੜੇ, ਫੁੰਨਸੀ, ਦੱਦ, ਖਾਜ ਆਦਿ ਚਮੜੀ ਦੇ ਰੋਗਾਂ ਵਿਚ ਰਾਈ ਤੇ ਪਾਣੀ ਪਾ ਕੇ ਪੀਸਕੇ ਲੇਪ ਕਰੋ। ਆਰਾਮ ਆ ਜਾਏਗਾ। ਚੌਥਾਈ ਚਮਚਾ ਪੀਸੀ ਹੋਈ ਰਾਈ, ਇਕ ਛੋਲਿਆਂ ਦੇ ਦਾਣੇ ਜਿੰਨਾ ਸੇਂਧਾ ਨਮਕ ਅਤੇ ਐਨੀ ਹੀ ਮਿਸ਼ਰੀ ਮਿਲਾਕੇ ਹਰ ਰੋਜ਼ ਦੋ ਵਾਰੀ ਫੱਕੀ ਲਵੋ।

ਫੇਫ਼ੜਿਆਂ ਅਤੇ ਛਾਤੀ ਵਿਚ ਜੰਮੀ ਹੋਈ ਬਲਗਮ ਪਤਲੀ ਹੋ ਕੇ ਬਾਹਰ ਨਿਕਲ ਜਾਵੇਗੀ। ਅੱਖ ਦੀ ਪਲਕ ਤੇ ਫੁੰਨਸੀ ਜਾਂ ਗੁਹਾਰਨੀ ਹੋ ਜਾਣ ਤੇ ਪੀਸੀ ਹੋਈ ਰਾਈ ਥੋੜੇ ਜਿਹੇ ਘਿਉ ਵਿਚ ਮਿਲਾਕੇ ਗੁਹਾਰਨੀ ਤੇ ਲੇਪ ਕਰੋ। ਠੀਕ ਹੋ ਜਾਏਗਾ।

ਇਕ ਗਿਲਾਸ ਪਾਣੀ ਵਿਚ ਇਕ ਚਮਚਾ ਰਾਈ ਮਿਲਾਕੇ ਉਬਾਲਕੇ ਪੁਣ ਲਵੋ। ਕੋਸੇ ਜਿਹੇ ਪਾਣੀ ਨਾਲ ਗਰਾਰੇ ਕਰੋ। ਰਾਈ ਨੂੰ ਸੁੱਕੀ ਪੀਸਕੇ ਮੰਜਨ ਕਰੋ। ਦੰਦਾਂ ਦਾ ਦਰਦ ਖਤਮ ਹੋ ਜਾਵੇਗਾ। ਪੁਰਾਣਾ ਜ਼ਖ਼ਮ, ਕੰਡਾ ਜਾਂ ਕੱਚ ਖੁੱਭ ਜਾਣ ਤੇ ਬਾਹਰ ਨਾ ਕੱਢਿਆ ਜਾ ਸਕੇ ਤਾਂ ਰਾਈ ਪੀਸਕੇ ਥੋੜਾ ਜਿਹਾ ਘਿਉ ਅਤੇ ਸ਼ਹਿਦ ਮਿਲਾਕੇ ਚੁਭੇ ਸਥਾਨ ਤੇ ਲੇਪ ਕਰੋ। ਚੁੱਭਿਆ ਹੋਇਆ ਕੰਡਾ, ਕੱਚ ਆਦਿ ਬਾਹਰ ਆ ਜਾਏਗਾ। ਪੁਰਾਣਾ ਜਖ਼ਮ ਵੀ ਭਰ ਜਾਏਗਾ।

ਰਾਈ ਪੀਸਕੇ ਬਹੁਤ ਬਾਰੀਕ ਚੂਰਣ ਬਣਾ ਲਵੋ। ਇਸ ਚੂਰਣ ਨਾਲ ਹੱਥਾਂ, ਪੈਰਾਂ, ਸਰੀਰ ਦੀ ਮਾਲਿਸ਼ ਕਰੋ। ਇਸ ਨਾਲ ਲਹੂ ਸੰਚਾਰ ਕ੍ਰਿਆ ਠੀਕ ਹੋਵੇਗੀ ਅਤੇ ਸਰੀਰ ਵਿਚ ਸ਼ਕਤੀ ਤੇ ਉਤਸ਼ਾਹ ਵਧੇਗਾ।

ਜੂੰਆਂ, ਸਿਰ ਦੀਆਂ ਫੁੰਨਸੀਆਂ ਖਤਮ ਕਰਨ ਅਤੇ ਵਾਲਾਂ ਨੂੰ ਸੰਘਣੇ ਕਰਨ ਲਈ ਰਾਈ ਪਾਣੀ ਵਿਚ ਉਬਾਲਕੇ ਪੁਣਕੇ ਹਰ ਚੌਥੇ ਦਿਨ ਸਿਰ ਧੋਵੋ।

## ਪੁਦੀਨਾ



ਪੁਦੀਨਾ ਦੀ ਤਾਸੀਰ ਗਰਮ ਅਤੇ ਖੁਸ਼ਕ ਹੁੰਦੀ ਹੈ। ਪੁਦੀਨੇ ਵਿਚ ਥਾਏਮੈਲ, ਮੇਂਥਲ ਅਤੇ ਟੈਨਿਨ ਆਦਿ ਤੱਤ ਹੁੰਦੇ ਹਨ। ਤਾਜ਼ੇ ਹਰੇ ਪੁਦੀਨੇ ਦੀਆਂ ਪੱਤੀਆਂ ਨੂੰ ਸੁਕਾ ਕੇ, ਪੀਸਕੇ ਕਿਸੇ ਵੀ ਬਰਤਨ ਵਿਚ ਪਾਕੇ ਰੱਖ ਸਕਦੇ ਹੋ। ਪਰ ਇਹ ਖਿਆਲ ਰਹੇ ਕਿ ਛੇ ਮਹੀਨੇ ਬਾਦ ਇਹ ਖਾਰਾਬ ਹੋਣ ਲੱਗਦਾ ਹੈ।

• ਪੁਦੀਨੇ ਵਿਚ ਅਜਵਾਇਣ ਨਾਲ ਮਿਲਦੇ ਜੁਲਦੇ ਗੁਣ ਹੁੰਦੇ ਹਨ। 100 ਗ੍ਰਾਮ ਪੁਦੀਨੇ ਵਿਚ ਹੇਠ ਦਰਜ ਮਿਲੀਗ੍ਰਾਮ ਪੌਸ਼ਟਿਕ ਤੱਤ ਮਿਲਦੇ ਹਨ। ਕੈਲੋਰੀ 48, ਪ੍ਰੋਟੀਨ 4.8, ਕੈਲਸ਼ੀਅਮ 200, ਲੋਹਾ 15.6, ਵਿਟਾਮਿਨ ਏ 1620, ਥਾਏਮਿਨ 0.05, ਰਿਬੋਫਲੇਵਿਨ 0.26, ਨਿਆਸਿਨ 1.0, ਵਿਟਾਮਿਨ ਸੀ 27 ਅਤੇ ਇਹਨਾਂ ਦੇ ਇਲਾਵਾ ਪੋਟਾਸ਼ੀਅਮ, ਵਿਟਾਮਨ ਬੀ ਕੰਮਪਲੈਕਸ, ਡੀ ਅਤੇ ਈ ਵੀ ਥੋੜੀ-ਥੋੜੀ ਮਾਤਰਾ ਵਿਚ ਹੁੰਦੇ ਹਨ।

• ਇਕ ਚਮਚਾ ਹਰਾ ਜਾਂ ਸੁੱਕਿਆ ਪੁਦੀਨਾ ਇਕ ਛੋਟਾ ਗਿਲਾਸ ਪਾਣੀ ਵਿਚ ਪਾ ਕੇ ਪੁਣ ਲਵੋ। ਇਸ ਵਿਚ ਸਵਾਦ ਅਨੁਸਾਰ ਸ਼ਹਿਦ ਮਿਲਾਕੇ ਸੌਣ ਸਮੇਂ ਪੀ ਲਵੋ। ਲੰਬੇ ਸਮੇਂ ਤੱਕ ਹਰ ਰੋਜ਼ ਪੀਣ ਨਾਲ ਨੀਂਦ ਨਾ ਆਉਣ ਸਬੰਧੀ ਦੋਸ਼ ਦੂਰ ਹੋ ਜਾਂਦੇ ਹਨ। ਪੁਦੀਨਾ ਜਾਇਕੇਦਾਰ ਅਤੇ ਭੁੱਖ ਵਧਾਉਣ ਵਾਲਾ ਹੁੰਦਾ ਹੈ। ਦਸਤ ਸਾਫ਼ ਲਿਆਉਣ ਲਈ ਥੋੜੀ ਜਿਹੀ ਭੁੰਨੀ ਹੋਈ ਹਿੰਗ, ਜੀਰਾ, ਕਾਲੀ ਮਿਰਚ, ਕਾਲੀ ਮੁਨੱਕਾ, ਛੁਹਾਰਾ, ਸੇਂਧਾ ਨਮਕ, ਨਿੰਬੂ ਦਾ ਰਸ ਮਿਲਾਕੇ ਚਟਣੀ ਬਣਾਕੇ ਖਾਵੋ।

ਸਰੀਰ ਵਿਚ ਕਿਧਰੇ ਵੀ ਦਰਦ ਹੁੰਦਾ ਹੋਵੇ, ਬਦਬੂ ਆਉਂਦੀ ਹੋਵੇ ਹਰਾ ਤਾਜ਼ਾ ਪੁਦੀਨਾ ਪੀਸਕੇ ਲੇਪ ਕਰੋ।

ਸੱਟ ਲੱਗਣ ਦੇ ਕਾਰਨ ਦਰਦ ਹੁੰਦਾ ਹੋਵੇ, ਫੋੜੇ ਫੁਨਸੀ ਕਾਰਨ ਦਰਦ ਹੋਵੇ ਤਾਂ ਵੀ ਪੁਦੀਨੇ ਦਾ ਲੇਪ ਕੀਤਾ ਜਾ ਸਕਦਾ ਹੈ।

ਇਸ ਨਾਲ ਕਸ਼ਟ ਦੂਰ ਹੋ ਜਾਂਦਾ ਹੈ। ਸਿਰ ਦਰਦ, ਜ਼ੁਕਾਮ ਵਿਚ ਪੁਦੀਨੇ ਦੇ ਪੱਤਿਆਂ ਨੂੰ ਸੁੰਘਣ ਨਾਲ ਲਾਭ ਹੁੰਦਾ ਹੈ। ਸਿਰ ਦਰਦ ਵਿਚ ਪੁਦੀਨਾ ਪੀਸਕੇ ਮੱਥੇ ਉਪਰ ਲੇਪ ਕਰੋ।

# ਪਰਵਾਸੀ ਤੀਆਂ



ਪਰਵਾਸੀ ਤੀਆਂ ਦਾ ਜ਼ਿਕਰ ਕਰਨ ਲਈ ਮੈਂ ਆਪਣੀ ਨਿਮਨਲਿਖਤ ਨਜ਼ਮ ਨੂੰ ਆਧਾਰ ਬਣਾ ਰਹੀ ਹਾਂ:

ਪਰਦੇਸਾਂ ਵਿਚ
ਕੁੱਝ ਪੰਜਾਬਣਾਂ ਦਾ
ਘਰ ਪਰਿਵਾਰ ਵਸਾਉਣਾ
ਸਖਸ਼ੀਅਤ ਨੂੰ ਚਮਕਾਉਣਾ
ਵਿਕਸਤ ਹੋ ਦਿਖਾਉਣਾ
ਚੂੜੀਆਂ ਚੜ੍ਹਾਉਣਾ
ਕੰਨਾਂ ਵਿਚ ਝੁਮਕੇ ਪਾਉਣਾ
ਪਰਾਂਦੀਆਂ ਲਮਕਾਉਣਾ
ਲੋਕ -ਗੀਤ ਗਾਉਣਾ
ਗਿੱਧੇ ਦੇ ਪਿੜ ਬਣਾਉਣਾ
ਸਾਵਣ ਨੂੰ ਤੀਆਂ ਲਾਉਣਾ
ਵਿਰਸੇ ਦਾ ਮਾਣ ਵਧਾਉਣਾ
ਕੁੱਝ ਖ਼ਾਸ ਹੋ ਰਿਹਾ ਏ
ਧਰਵਾਸ ਹੋ ਰਿਹਾ ਏ।

ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਕਿ ਪਰਵਾਸੀ ਤੀਆਂ ਜ਼ੋਰ-ਸ਼ੋਰ ਨਾਲ ਮਨਾਈਆਂ ਜਾਂਦੀਆਂ ਹਨ।ਅਮਰੀਕਾ ਦੀ ਗੱਲ ਕਰਾਂ ਤਾਂ ਅੱਜ ਤੋਂ ਵੀਹ ਸਾਲ ਪਹਿਲਾਂ ਪੰਜਾਬੀਆਂ ਦੀ ਗਿਣਤੀ ਘੱਟ ਮਾਤਰਾ ਵਿਚ ਸੀ ਪਰ ਫਿਰ ਵੀ ਪੰਜਾਬਣਾਂ ਨੇ ਛੋਟੇ-ਛੋਟੇ ਟੋਲਿਆਂ ਵਿਚ ਪਾਰਕਾਂ ਵਿਚ ਜਾ ਕੇ ਤੀਆਂ ਲਾਉਣੀਆਂ ਸ਼ੁਰੂ ਕੀਤੀਆਂ।

ਕੈਲੀਫ਼ੋਰਨੀਆ ਵਿਚ ਸਭ ਤੋਂ ਪਹਿਲਾਂ ਯੂਬਾ ਸਿਟੀ ਦੇ ਪਾਰਕਾਂ ਵਿਚ ਤੀਆਂ ਦੇ ਗਿੱਧੇ ਦੀ ਧਮਾਲ ਪਈ। ਇਸ ਤੋਂ ਬਾਅਦ ਸੈਨਹੋਜ਼ੇ, ਬੇਕਰਸਫ਼ੀਲਡ ਅਤੇ ਹੁਣ ਤਕਰੀਬਨ ਹਰ ਸ਼ਹਿਰ ਵਿਚ ਤੀਆਂ ਪੂਰੇ ਜ਼ੋਰ-ਸ਼ੋਰ ਨਾਲ ਮਨਾਈਆਂ ਜਾਂਦੀਆਂ ਹਨ।

ਮੈਨੂੰ ਕਈ ਸਾਲ ਪਹਿਲਾਂ ਸੈਨਹੋਜ਼ੇ ਵਿਖੇ ਨੀਤੂ ਧਾਲੀਵਾਲ ਅਤੇ ਭੂਆ ਗੁਰਮੀਤ ਕੌਰ ਛੀਨਾ ਵਲੋਂ ਲਾਈਆਂ ਤੀਆਂ ਵਿਚ ਨਜ਼ਮ ਪੜ੍ਹਨ ਲਈ ਸੱਦਾ ਆਇਆ ਸੀ। ਉਸ ਵਕਤ ਮੈਂ ਅਮਰੀਕਾ ਵਿਚ ਨਵੀਂ ਸੀ। ਮੈਨੂੰ ਯਾਦ ਹੈ ਮੈਂ ਆਪਣੀਆਂ ਸਹੇਲੀਆਂ ਮਰਹੂਮ ਪਰਮਿੰਦਰ ਕੌਰ, ਸੁਰਜੀਤ ਅਤੇ ਰਵਿੰਦਰ ਸੈਣੀ ਸੰਗ ਇਨ੍ਹਾਂ ਤੀਆਂ ਵਿਚ ਸ਼ਾਮਿਲ ਹੋਈ ਸੀ। ਸੁਰਜੀਤ ਇਨ੍ਹਾਂ ਤੀਆਂ ਦੀ ਏਰੀਆ ਕੋ-ਅਰਡੀਨੇਟਰ ਸੀ।ਉਸ ਨੇ ਛੋਟੀਆਂ ਬੱਚੀਆਂ ਦੀ ਗਿੱਧਾ ਟੀਮ ਵੀ ਤਿਆਰ ਕੀਤੀ ਹੋਈ ਸੀ। ਤੀਆਂ ਦੀ ਰੌਣਕ ਨੇ ਮੇਰੇ ਮਨ ਮੋਹ ਲਿਆ ਸੀ।

ਅੱਜ ਵੀ ਯੂਬਾ ਸਿਟੀ ਤੋਂ ਪਰਮਿੰਦਰ ਤੱਖਰ ਤੋਂ ਇਲਾਵਾ ਹਰਜੀਤ ਉੱਪਲ, ਸੁਖਵਿੰਦਰ ਤੱਖਰ, ਸੁਰਜੀਤ ਤੱਖਰ, ਅਮਰਜੀਤ ਸੰਧੂ, ਭੁਪਿੰਦਰ ਤੱਖਰ, ਅਵਿਨਾਸ਼, ਸੈਕਰਾਮੈਂਟੋ ਤੋਂ ਨਿਰਮਲਜੀਤ ਕੌਰ ਰੰਧਾਵਾ, ਰੋਜ਼ਵਿਲ ਤੋਂ ਮਨਜੀਤ ਕੌਰ ਮਾਨ, ਫ਼ਰਿਜ਼ਨੋ ਤੋਂ ਗੁੱਡੀ ਸਿੱਧੂ, ਯੂਨੀਅਨ ਸਿਟੀ ਤੋਂ ਗੋਲਡਨ ਪੰਜਾਬ ਕਲੱਬ, ਹੇਵਰਡ ਤੋਂ ਸੁਖਨਿੰਦਰ ਭੰਗਲ, ਲਿਵਰਮੋਰ ਤੋਂ ਕੁਲਦੀਪ, ਟਰੇਸੀ ਤੋਂ ਨੋਨੀ ਮੁਹਾਰ ਅਤੇ ਸੈਨਹੋਜ਼ੇ ਤੋਂ ਪਰਵੀਨ ਸੋਹਲ, ਸਤਿੰਦਰਜੀਤ, ਪ੍ਰਭਜੀਤ, ਜਗਦੀਪ ਅਤੇ ਜਨਮਜੀਤ ਆਦਿ ਦੇ ਨਾਮ ਜ਼ਿਕਰਯੋਗ ਹਨ।

ਇਸ ਤੋਂ ਇਲਾਵਾ ਤੀਆਂ ਵਿਚ ਗਿੱਧੇ ਦੀਆਂ ਰਾਣੀਆਂ ਬਣੀਆਂ ਪੰਜਾਬ ਲੋਕ ਰੰਗ ਦੀ ਟੀਮ ਜਸਵਿੰਦਰ ਧਨੋਆ, ਜੱਸੀ ਸੱਗੀ, ਜੱਸ ਸਰਾਂ, ਸੋਨੀਆਂ ਚੇੜਾ ਤੋਂ ਇਲਾਵਾ ਭੁਪਿੰਦਰ ਹੋਠੀ, ਉਸਦੀ ਬੇਟੀ ਆਂਚਲ ਹੋਠੀ, ਸੁਖਵੀਰ ਕੌਰ, ਦਵਿੰਦਰ ਦੀਪ ਸਰਾਂ, ਕੁਲਮੀਤ ਜੱਜ ਆਦਿ ਹਰ ਸ਼ਹਿਰ ਵਿਚ ਲੱਗਣ ਵਾਲੀਆਂ ਤੀਆਂ ਦੀ ਰੌਣਕ ਹੁੰਦੀਆਂ ਹਨ।

ਤੀਆਂ ਦਾ ਤਿਉਹਾਰ ਮਨਾਉਣ ਲਈ ਪੰਜਾਬਣਾਂ ਬੈਂਕੁਐਟ ਹਾਲ ਜਾਂ ਪਾਰਕ ਚੁਣਦੀਆਂ ਹਨ। ਅਮਰੀਕਾ ਦੀ ਨੱਠ-ਭੱਜ ਵਾਲੀ ਜ਼ਿੰਦਗੀ ਵਿਚ ਵਿਰਸੇ ਦੀਆਂ ਵਾਰਸ ਵੀਕੈਂਡ( ਹਫ਼ਤੇ ਦਾ ਅਖੀਰ) ‘ਤੇ ਆਪਣੇ ਘਰਾਂ ਵਿਚ ਹੀ ਗਿੱਧੇ ਅਤੇ ਹੋਰ ਆਈਟਮਾਂ ਦਾ ਅਭਿਆਸ ਸ਼ੁਰੂ ਕਰਵਾ ਦਿੰਦੀਆਂ ਹਨ। ਇਹ ਅਭਿਆਸ ਉਹ ਅਕਸਰ ਘਰਾਂ ਦੇ ਗੈਰਾਜ ਵਿਚ ਕਰਵਾਉਂਦੀਆਂ ਹਨ।

ਗਿੱਧੇ ਅਤੇ ਭੰਗੜੇ ਦੀਆਂ ਅਕੈਡਮੀਆਂ ਵੀ ਸਹਿਯੋਗ ਦਿੰਦੀਆਂ ਹਨ। ਕੈਲੀਫ਼ੋਰਨੀਆ ਦੀ ‘ਅਜੇ ਅਕੈਡਮੀ’ਦੇ ਕੋਚ ਜਸਵਿੰਦਰ ਸਿੰਘ ਗੋਗੀ ਅਤੇ ਜਸਪਾਲ ਸਿੰਘ ਪਾਲ ਪਿਛਲੇ ਕਈ ਸਾਲਾਂ ਤੋਂ ਅਨੇਕਾਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਤਿਆਰ ਕਰਵਾ ਚੁੱਕੇ ਹਨ। ਇਹ ਸੇਵਾਵਾਂ ਉਹ ਮੁਫ਼ਤ ਪ੍ਰਦਾਨ ਕਰਦੇ ਹਨ।ਇਸ ਲਈ ਉਨ੍ਹਾਂ ਦਾ ਇਹ ਉਪਰਾਲਾ ਸ਼ਲਾਘਾ ਯੋਗ ਹੈ।

ਇਥੇ ਤੀਆਂ ਸਾਉਣ ਮਹੀਨੇ ਤੋਂ ਸ਼ੁਰੂ ਕਰਕੇ ਭਾਦੋਂ ਤੱਕ ਵੀ ਮਨਾਈਆਂ ਜਾਂਦੀਆਂ ਹਨ। ਇਨ੍ਹਾਂ ਤੀਆਂ ਦੀਆਂ ਪਰਬੰਧਕ ਪੰਜਾਬਣਾਂ ਜ਼ਿਆਦਾਤਰ ਪੰਜਾਬ ਤੋਂ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੀਆਂ ਗਿੱਧਾ ਟੀਮਾਂ ਦੀਆਂ ਮੈਂਬਰ ਹੁੰਦੀਆਂ ਹਨ। ਇੱਥੇ ਤੀਆਂ ਨੂੰ ਤੀਆਂ ਦੇ ਮੇਲੇ ਦਾ ਨਾਮ ਦਿੱਤਾ ਜਾਂਦਾ ਹੈ। ਮਿੱਥੇ ਦਿਨ ਤੇ ਪੰਜਾਬਣਾਂ ਦਾ ਪੰਜਾਬੀ ਪਹਿਰਾਵੇ ਵਿਚ ਠਾਠਾਂ ਮਾਰਦਾ ਦਰਿਆ ਨਜ਼ਰ ਆਉਂਦਾ ਹੈ। ਜੋਬਨ ਮੱਤੀਆਂ ਮੁਟਿਆਰਾਂ ਹਾਰ-ਸ਼ਿੰਗਾਰ ਲਗਾ ਕੇ, ਗਹਿਣੇ-ਗੱਟੇ ਪਾ ਕੇ ਪੁੱਜਦੀਆਂ ਹਨ।

ਸਟੇਜਾਂ ਨੂੰ ਵਿਰਾਸਤੀ ਵਸਤਾਂ ਜਾਗੋ, ਚਾਟੀ ‘ਤੇ ਮਧਾਣੀ, ਚਰਖੇ, ਚੱਕੀ, ਫ਼ੁਲਕਾਰੀਆਂ ਅਤੇ ਖੂਹ ਆਦਿ ਨਾਲ ਸ਼ਿੰਗਾਰਿਆ ਜਾਂਦਾ ਹੈ। ਤੀਆਂ ਦਾ ਅਗਾਜ਼ ਅਕਸਰ ਲੋਕ ਗੀਤਾਂ ਨਾਲ ਕੀਤਾ ਜਾਂਦਾ ਹੈ। ਇਸ ਵਿਚ ਭਾਗ ਲੈਣ ਵਾਲੀਆਂ ਅੱਧਖੜ੍ਹ ਜਾਂ ਵਡੇਰੀ ਉਮਰ ਦੀਆਂ ਪੰਜਾਬਣਾਂ ਹੁੰਦੀਆਂ ਹਨ।

ਇਸ ਤੋਂ ਇਲਾਵਾ ਗੀਤ -ਸੰਗੀਤ, ਸਕਿੱਟਾਂ, ਗਿੱਧਾ-ਭੰਗੜਾ ਆਦਿ ਆਈਟਮਾਂ ਹੁੰਦੀਆਂ ਹਨ। ਗਿੱਧਾ ‘ਮਾਵਾਂ -ਧੀਆਂ ਦਾ’ ਵਿਸ਼ੇਸ਼ ਖਿੱਚ ਦਾ ਕਾਰਨ ਹੁੰਦਾ ਹੈ। ਇਸ ਵਿਚ ਮਾਵਾਂ ਆਪਣੀਆਂ ਧੀਆਂ ਨਾਲ ਮਿਲਕੇ ਗਿੱਧਾ ਪਾਉਂਦੀਆਂ ਮਾਣ ਮਹਿਸੂਸ ਕਰਦੀਆਂ ਹਨ। ਫ਼ੈਸਨ ਸ਼ੋਅ ਹੁੰਦੇ ਹਨ।ਜਿਸ ਵਿਚ ਨਿਰੋਲ ਪੰਜਾਬੀ ਪਹਿਰਾਵੇ ਵਾਲੀ ਮੁਟਿਆਰ ਨੂੰ ਇਨਾਮ ਲਈ ਚੁਣਿਆਂ ਜਾਂਦਾ ਹੈ।

ਰੈਫ਼ਲ ਕੱਢੇ ਜਾਂਦੇ ਹਨ।ਨਵ-ਵਿਆਹੀਆਂ ਕੁੜੀਆਂ ਅਤੇ ਬਜ਼ੁਰਗ ਮਾਵਾਂ ਨੂੰ ਸਨਮਾਨ ਚਿੰਨ੍ਹ, ਸ਼ਿੰਗਾਰ-ਪਟਾਰੀ, ਫ਼ੁਲਕਾਰੀਆਂ ਆਦਿ ਤੋਹਫ਼ੇ ਵਜੋਂ ਦਿੱਤੇ ਜਾਂਦੇ ਹਨ।ਮਹਿੰਦੀ, ਫ਼ੁਲਕਾਰੀਆਂ, ਜੁੱਤੀਆਂ ਅਤੇ ਖਾਣ ਪੀਣ ਲਈ ਸਟਾਲ ਲਗਾਏ ਜਾਂਦੇ ਹਨ।ਪ੍ਰੋਗਰਾਮ ਦੇ ਅੰਤ ਵਿਚ ਡੀ ਜੇ ਨਾਲ ਸਭ ਨੂੰ ਨੱਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਇਸ ਲਈ ਹੀ ‘ਤੀਆਂ’ ਨੂੰ ਤੀਆਂ ਦਾ ਮੇਲਾ ਕਿਹਾ ਜਾਂਦਾ ਹੈ।

ਇੱਥੇ ਇਹ ਵਰਣਨ ਯੋਗ ਹੈ ਕਿ ਹਊਮੈ ਅਤੇ ਈਰਖਾ ਦੇ ਕਾਰਨ ਕਈ ਸ਼ਹਿਰਾਂ ਵਿਚ ਤੀਆਂ ਦੀਆਂ ਕਈ ਪਰਬੰਧਕ ਪੰਜਾਬਣਾਂ ਨੇ ਤੀਆਂ ਨੂੰ ਧੜਿਆਂ ਵਿਚ ਵੰਡ ਕੇ ਆਮ ਪੰਜਾਬਣਾਂ ਨੂੰ ਨਿਰਾਸ਼ ਕੀਤਾ ਹੈ। ਇਸ ਲਈ ਕਈ ਵਾਰੀ ਤੀਆਂ ਦੇਖਣ ਦੀਆਂ ਸ਼ੁਕੀਨ ਅਤੇ ਤੀਆਂ ਵਿਚ ਭਾਗ ਲੈਣ ਵਾਲੀਆਂ ਮੁਟਿਆਰਾਂ ਅਤੇ ਖੁਦ ਪਰਬੰਧਕਾਂ ਨੂੰ ਵੀ ਪਰੇਸ਼ਾਨੀਆਂ ਅਤੇ ਚੁਨੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਤੀਆਂ ਵਿਚ ਗਿਣਤੀ ਵਧਾਉਣ ਲਈ ਸਥਾਨਿਕ ਜਾਂ ਪੰਜਾਬ ਤੋਂ ਗਾਇਕ ਕਲਾਕਾਰ ਵੀ ਮੰਗਵਾਏ ਜਾਣ ਲੱਗ ਪਏ ਹਨ। ਇਹ ਤੀਆਂ ਦੀ ਰਵਾਇਤ ਅਤੇ ਮੰਤਵ ਦੇ ਬਿਲਕੁਲ ਉਲਟ ਹੈ।

ਇਸ ਪੁਸਤਕ ਨੂੰ ਲਿਖਣ ਤੋਂ ਪਹਿਲਾਂ ਮੈਂ ਤੀਆਂ ਦੀਆਂ ਕੁੱਝ ਕੁ ਪਰੰਬਧਕ ਪੰਜਾਬਣਾਂ ਨਾਲ ਫ਼ੋਨ ਇੰਟਰਵਿਊ ਕਰਕੇ ਉਨ੍ਹਾਂ ਕੋਲੋਂ ਤੀਆਂ ਲਾਉਣ ਦਾ ਮਕਸਦ ਪੁੱਛਿਆ।ਇਨ੍ਹਾਂ ਵਿਚੋਂ ਬਹੁਤੀਆਂ ਦਾ ਜਵਾਬ ਇਹ ਸੀ ਕਿ ਸਾਨੂੰ ਬਚਪਨ ਤੋਂ ਹੀ ਗਿੱਧਾ ਪਾਉਣ ਦਾ ਸ਼ੌਕ ਸੀ। ਕਾਲਜ ਵਿਚ ਜਾ ਕੇ ਗਿੱਧਾ ਟੀਮ ਵਿਚ ਭਾਗ ਲਿਆ। ਪਰਵਾਸ ਵਿਚ ਆ ਕੇ ਵੀ ਇਹ ਸ਼ੌਕ ਉਸੇ ਤਰ੍ਹਾਂ ਕਾਇਮ ਰਿਹਾ। ਆਪਣੇ ਇਸ ਸ਼ੌਕ ਨੂੰ ਅੱਗੇ ਤੋਰਨ ਲਈ ਉਨ੍ਹਾਂ ਨੇ ਤੀਆਂ ਦਾ ਤਿਉਹਾਰ ਚੁਣਿਆਂ।

ਉਹ ਥੋੜ੍ਹਾ ਸੰਕੋਚ ਕੇ ਦੱਸਦੀਆਂ ਹਨ ਕਿ ਸਾਡੇ ਪਤੀ ਨੂੰ ਸਾਡਾ ਮਰਦਾਂ ਵਿਚ ਜਾ ਕੇ ਨੱਚਣਾ ਪਸੰਦ ਨਹੀਂ। ਇਸ ਲਈ ਅਸੀਂ ਆਪਣੇ ਸਾਰੇ ਚਾਅ ਅਤੇ ਸ਼ੌਕ ਤੀਆਂ ਵਿਚ ਹੀ ਪੂਰੇ ਕਰ ਸਕਦੀਆਂ ਹਾਂ।

ਇਹ ਸਵਾਲ ਲਟ-ਲਟ ਕਰਦਾ ਸਵਾਲ ਪੈਦਾ ਕਰਦਾ ਹੈ। ਅਮਰੀਕਾ ਜਿਹੇ ਵਿਕਸਤ ਦੇਸ਼ ਵਿਚ ਆ ਕੇ ਵੀ ਸਾਡੀ ਮਾਨਸਿਕਤਾ ਅਤੇ ਇਹ ਮਰਦਊ ਰਵਈਆ ਭਲਾ ਕਿਉਂ ਨਹੀਂ ਬਦਲੇ?

ਇਹ ਸੋਚਦੇ ਹੀ ਮਨ ਨੂੰ ਥੋੜ੍ਹੀ ਰਾਹਤ ਮਿਲਦੀ ਹੈ ਕਿ ਘੱਟੋ-ਘੱਟ ਇਨ੍ਹਾਂ ਪੰਜਾਬਣਾਂ ਨੂੰ ਘਰ ਦੀ ਚਾਰ ਦੀਵਾਰੀ ‘ਤੋਂ ਬਾਹਰ ਜਾ ਕੇ ਆਪਣੀਆਂ ਰੀਝਾਂ ਪੂਰੀਆਂ ਕਰਨ ਦਾ ਮੌਕਾ ਤਾਂ ਮਿਲਦਾ ਹੈ।

‘ਗੋਲਡਨ ਪੰਜਾਬ ਕਲੱਬ’ ਨੇ ਇਕ ਵਾਰੀ ‘ਮੀਆਂ ਨਾਲ ਤੀਆਂ’ ਕਰਵਾ ਕੇ ਇਹ ਰਵਾਇਤ ਤੋੜੀ ਸੀ। ਇਹ ਸਮਾਗਮ ਬੇ ਹੱਦ ਸਫ਼ਲ ਰਿਹਾ ਸੀ। ਅੱਜ ਹੋਰ ਕਈ ਥਾਵਾਂ ‘ਤੇ ਵੀ ਤੀਆਂ ਵਿਚ ਵਿਰਲੇ-ਟਾਵੇਂ ਮਰਦ ਦਿਖਾਈ ਦੇਣ ਲੱਗ ਪਏ ਹਨ।

ਇਕ ਦਿਲਚਸਪ ਗੱਲ ਇਹ ਹੈ ਕਿ ਤੀਆਂ ਵਿਚ ਫ਼ੋਟੋਗ੍ਰਾਫ਼ਰ ਅਤੇ ਮੂਵੀ ਬਣਾਉਣ ਵਾਲੇ ਬਹੁਤੇ ਮਰਦ ਹੀ ਹੁੰਦੇ ਹਨ।ਅਮਰੀਕਾ ਵਿਚ ਵਗਦੀ ਗੰਗਾ ਵਿਚ ਹੱਥ ਧੋ ਕੇ ਪੁੰਨ ਖੱਟਣਾ ਰਾਜ ਬੁਡਵਾਲ ਦੇ ਹਿੱਸੇ ਆਇਆ ਹੈ। ਉਹ ਪੰਜਾਬੀ ਭਾਈਚਾਰੇ ਨੂੰ ਫ਼ੋਟੋਗ੍ਰਾਫ਼ੀ ਦੀਆਂ ਮੁਫ਼ਤ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਸ਼ੰਸਾ ਦਾ ਪਾਤਰ ਹੈ।

ਕੈਨੇਡਾ, ਆਸਟਰੇਲੀਆ, ਇੰਗਲੈਂਡ ਅਤੇ ਫ਼ਰਾਂਸ ਆਦਿ ਵਿਚ ਵੀ ਤੀਆਂ ਇਸੇ ਤਰ੍ਹਾਂ ਹੀ ਮਨਾਈਆਂ ਜਾਂਦੀਆਂ ਹਨ। ਇਸ ਦੀ ਪੁਸ਼ਟੀ ਫ਼ੇਸ ਬੁੱਕ ਦੀਆਂ ਪੋਸਟਾਂ, ਯੂ ਟਿਊਬ ਅਤੇ ਹੋਰ ਸੰਚਾਰ ਸਾਧਨ ਕਰਦੇ ਹਨ।

**- ਨੀਲਮ ਸੈਣੀ**

# WHITE ROSE BUILDERS

*We do not build houses, We create homes...*

## Proudly Celebrating

# 20 Years in Business



# DREAMLINE HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED